BED TIME STORIES-7

(SIKH MARTYRS)

(ਸਿੱਖ ਸ਼ਹੀਦ)

Other books by the same author on religious philosophy and history :

1.	**Hindu Sikh Sikhia (Panjabi)**	**ISBN 1 872580 00 9**
2.	**Hindu Sikh Sikhia (Hindi)**	**ISBN 1 872580 01 7**
3.	**Sach Sunai Si Sach Ki Bela (Panjabi)**	**ISBN 1 872580 05 X**
4.	**Tales of Truth (English) (Sikh Martyrs)**	**ISBN 1 872580 06 8**
5.	**Bed Time Stories-1 (Panjabi-English) (Guru Gobind Singh Ji)**	**ISBN 1 872580 20 3**
6.	**Bed Time Stories-2 (Panjabi-English) (Guru Nanak Dev Ji)**	**ISBN 1 872580 20 1**
7.	**Bed Time Stories-3 (Panjabi-English) (Guru Arjan Dev Ji)**	**ISBN 1 872580 22 X**
8.	**Bed Time Stories-4 (Panjabi-English) (Guru Tegh Bahadur Ji)**	**ISBN 1 872580 23 8**
9.	**Bed Time Stories-5 (Panjabi-English) (Guru Angad Dev Ji, Guru Amar Dass Ji and Guru Ram Dass Ji)**	**ISBN 1 872580 24 6**
10.	**Bed Time Stories-6 (Panjabi-English) (Guru Hargobind Ji, Guru Har Rai Ji and Guru Har Krishan Ji)**	**ISBN 1 872580 25 4**
11.	**Bed Time Stories-7 (Panjabi-English) (Sikh Martyrs)**	**ISBN 1 872580 26 2**

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

—The Council of Sikh Gurdwaras in Birmingham, England.

"Mr. Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books........."

—Dr. Joginder Singh J.P., Birmingham, England.

"We highly recommend these books to those who want to learn or teach Sikhism and Sikh Philosophy."

—Gurdwara Guru Ramdas, Singh Sabha, Birmingham, England.

BED TIME STORIES-7

(SIKH MARTYRS)

(ਸਿੱਖ ਸ਼ਹੀਦ)

Santokh Singh Jagdev

SIKH MISSIONARY RESOURCE CENTRE
BIRMINGHAM (ENGLAND)

Bed Time Stories-7
ISBN 1 872580 26 2

First edition 1995

Price Rs. 60-00

Published by :
Sikh Missionary Resource Centre
346, Green Lane Rd.,
Small Heath, Birmingham,
B95DR, England.
Ph-21-772-5365

Distributors :
SINGH BROTHERS
Bazar Mai Sewan, Amritsar.

Typesetters :
K.G. Graphics, SCO 98, City Centre, Amritsar.
Printers :
Printwell, 146, Industrial Focal Point, Amritsar.

INDEX

Foreword

The era of martyrdom for the Sikhs started the day Guru Arjan Dev was martyred. Although there was a variation in excuses with the change of times yet there was only one reason that the teachings of Guru Nanak had taught the Sikhs the way to live and this was not liked by the governments of the time. For the protection of their rights they fought four battles under the leadership of Guru Hargobind in the first phase and thousands of Sikhs attained martyrdom.

After some respite, the second phase of martyrdom started at the time of Aurangzeb when he made a plan to bring whole of India under one religion—Islam. Guru Tegh Bahadur and the Sikhs arrested with him were tortured to martyrdom. For the defence of faith, Guru Gobind Singh founded the Khalsa on the 30th March, 1699 A.D. The governments of the times had tried hard to finish off that Khalsa. They put a price on the heads of the Sikhs. Sikhs were hounded and killed but could not be finished off. They braved all the adversities but kept up the independence of life. Those Sikhs captured Lahore in 1765 A.D. where they were tortured to martyrdom.

The third phase of martyrdom started during British rule when the Sikhs, besides waging armed as well as non-violent struggle for the freedom of their country, started movement and agitation to free their religious places of the misdeeds being committed there. The Sikhs freed their religious places from the priests and got independence for their country. The purpose of the Khalsa does not end with the attainment of these victories. Much is to be done to propagate the teachings of Guru Nanak to the whole world.

S. S. Jagdev

Dating of Sikh History

The readers of Sikh history are sometimes confused about the dates of events when they find them to vary from book to book in different history books. This difference is bound to remain as there is no hard and fast rule or method to convert the dates of Bikarmi calendar to the Gregorian calendar.

Every year Christmas is celebrated on the 25th December but the birthdays of Sikh Gurus, do not fall on the same dates every year. Even Baisakhi, the birthday of Khalsa has no fixed date according to English calendar. The reason of this discrepency is very simple. The history of the Sikhs, written before the establishment of British rule into India, was in accordance with Bikarmi calendar which was introduced by Raja Bikaramjit, fifty-six (56) years prior to the birth of Jesus Christ. Before the introduction of that calendar into India a year was divided into six seasons and twelve months. The dates of the months were according to the waxing and waning of the moon. The year started from the second month of the spring season. The change of the year was set to certain position of the sun in relation to earth. So there is no leap year in Bikarmi calendar.

The calendar which is used for Christmas was introduced by Julian Ceaser in 42 B.C. That calendar could not catch up with the seasons. In 1582 A.D., Pope Gregory XIII made some changes in the Julian calendar which came to be called Gregorian calendar. In this calendar February comes to consist of 29 days every fourth year whereas it is of 28 days for the rest of three years. Gregorian new year starts on the 1st of January while the Bikarmi calendar has 13th or the 14th April as its first day. From 1st January to 13th or 14th April, the Bikarmi calendar is 56 yeares in advance and for the rest of the year it is 57 years ahead.

Gregorian calendar was officially adopted in Britain on the 13th September 1752 A.D. For the British the first leap year was 1756 A.D., when February was of 29 days. From Baisakhi of 1699 A.D. to 1756 A.D., there were fourteen leap years. So Baisakhi of 1699 A.D. is deemed to be on the 30th March, 1699 A.D., though there was no Gregorian calendar in use at that time.

When historians translate Indian history from Punjabi to English, they consult comparative calendars of running years for change of dates from Bikarmi to Gregorian calendars which are different every year. This has resulted in confusion and variation in dates.

ਭਾਈ ਮਤੀ ਦਾਸ ਤੇ ਭਾਈ ਸਤੀ ਦਾਸ

ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੋਵੇਂ ਭਾਈ ਹੀਰਾ ਨੰਦ ਦੇ ਪੁੱਤਰ ਸਨ। ਉਨ੍ਹਾਂ ਦੇ ਬਜ਼ੁਰਗ ਗੌਤਮ ਦਾਸ, ਪਿੰਡ ਕਰਿਆਲਾ, ਜ਼ਿਲ੍ਹਾ ਜੇਹਲਮ ਦੇ ਰਹਿਣ ਵਾਲੇ ਸਨ ਤੇ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਪਾਸੋਂ ਸਿੱਖੀ ਧਾਰਨ ਕੀਤੀ ਸੀ। ਗੁਰੂ ਜੀ ਨੇ ਉਨ੍ਹਾਂ ਦੀ ਸੇਵਾ ਉੱਪਰ ਖ਼ੁਸ਼ ਹੋ ਕੇ ਉਨ੍ਹਾਂ ਨੂੰ ਭਾਈ ਦੀ ਪਦਵੀ ਬਖ਼ਸ਼ੀ ਸੀ, ਜਿਹੜੀ ਉਨ੍ਹਾਂ ਦੇ ਖ਼ਾਨਦਾਨ ਵਿਚ ਹੁਣ ਤਕ ਚਲੀ ਆ ਰਹੀ ਹੈ।

ਉਨ੍ਹਾਂ ਦੇ ਦਾਦੇ ਭਾਈ ਪਰਾਗਾ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ 1628 ਈਸਵੀ ਵਿਚ ਮੁਗ਼ਲਾਂ ਨਾਲ ਹੋਏ ਪਹਿਲੇ ਯੁੱਧ ਵਿਚ ਇੱਕ ਜਥੇ ਦੀ ਕਮਾਂਡ ਸੌਂਪੀ ਸੀ। ਉਸ ਯੁੱਧ ਵਿਚ ਆਏ ਗਹਿਰੇ ਜ਼ਖ਼ਮਾਂ ਕਾਰਨ ਉਹ ਚਲਾਣਾ ਕਰ ਗਏ ਸਨ। ਉਨ੍ਹਾਂ ਪਿੱਛੋਂ ਭਾਈ ਹੀਰਾ ਨੰਦ ਜੀ ਗੁਰੂ ਹਰਿ ਰਾਇ ਜੀ ਦੀ ਸੇਵਾ ਵਿਚ ਹਾਜ਼ਰ ਹੋਏ। 1657 ਈਸਵੀ ਵਿਚ ਉਨ੍ਹਾਂ ਸੁਰਗਵਾਸ ਹੋਣ ਤੋਂ ਪਹਿਲਾਂ, ਆਪਣੇ ਚਾਰ ਪੁੱਤਰਾਂ ਵਿੱਚੋਂ ਵੱਡੇ ਦੋ ਪੁੱਤਰ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਗੁਰੂ-ਘਰ ਦੀ ਸੇਵਾ ਕਰਨ ਲਾ ਦਿੱਤਾ। ਉਨ੍ਹਾਂ ਦੋਹਾਂ ਨੇ ਪਿਤਾ ਦੇ ਹੁਕਮ ਅਨੁਸਾਰ ਗੁਰੂ-ਘਰ ਦੀ ਸੇਵਾ ਤਨ, ਮਨ ਨਾਲ ਨਿਭਾਉਣੀ ਆਰੰਭ ਕਰ ਦਿੱਤੀ।


ਔਰੰਗਜ਼ੇਬ ਦੇ ਸੱਦਣ 'ਤੇ ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਗਏ ਤਾਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਉਨ੍ਹਾਂ ਦੇ ਨਾਲ ਸਨ। 30 ਮਾਰਚ, 1664 ਈਸਵੀ ਨੂੰ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਦੋਵੇਂ ਭਾਈ ਬਕਾਲੇ ਪੁੱਜ ਗਏ। ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਗਟ ਹੋਣ ਉੱਪਰ ਦੋਵੇਂ ਭਾਈ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ। ਧੀਰ ਮੱਲ ਨੂੰ ਜਦੋਂ ਗੁਰ-ਗੱਦੀ ਨਾ ਮਿਲੀ ਤਾਂ ਉਸ ਨੇ ਸ਼ੀਹਾਂ ਮਸੰਦ ਤੇ ਹੋਰ ਜੁੰਡੀਦਾਰਾਂ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਤੇ ਉਸ ਪਿੱਛੋਂ ਉਹ ਗੁਰੂ-ਘਰ ਦਾ ਕੀਮਤੀ ਸਾਮਾਨ ਉਠਵਾ ਕੇ ਆਪਣੇ ਡੇਰੇ ਲੈ ਗਿਆ ਸੀ। ਉਨ੍ਹਾਂ ਦੋਹਾਂ ਭਰਾਵਾਂ ਨੇ ਧੀਰ ਮੱਲ ਤੇ ਸ਼ੀਹਾਂ ਮਸੰਦ ਨੂੰ ਬੰਦੀ ਬਣਾ ਕੇ ਗੁਰੂ ਜੀ ਪਾਸ ਲੈ ਕੇ ਆਉਣ ਵਿਚ ਮੱਖਣ ਸ਼ਾਹ ਦੀ ਪੂਰੀ-ਪੂਰੀ ਮਦਦ ਕੀਤੀ ਸੀ।

ਗੁਰੂ-ਘਰ ਦੇ ਦੀਵਾਨ ਦੁਰਗਾ ਮੱਲ ਨੇ ਇੱਕ ਦਿਨ ਗੁਰੂ ਤੇਗ਼ ਬਹਾਦਰ ਜੀ ਅੱਗੇ ਬੇਨਤੀ ਕੀਤੀ, "ਗੁਰੂ ਜੀ, ਮੇਰਾ ਤਨ, ਮਨ ਤੇ ਧਨ ਸਭ ਆਪ ਦੀ ਸੇਵਾ ਵਿਚ ਹਾਜ਼ਰ ਹੈ, ਪਰ ਬੁਢੇਪੇ ਕਾਰਨ ਮੇਰੇ ਪਾਸੋਂ ਦੀਵਾਨ ਦੀ ਸੇਵਾ ਨਿਭਾਉਣੀ ਮੁਸ਼ਕਲ ਹੁੰਦੀ ਜਾ ਰਹੀ ਹੈ। ਇਹ ਦੋ ਭਤੀਜੇ ਹਾਜ਼ਰ ਹਨ, ਜਿਹੜੇ ਬੜੇ ਸਿਦਕੀ ਤੇ ਸ਼ਰਧਾਲੂ ਸਪੁੱਤਰ ਹਨ। ਜੇਕਰ ਆਪ ਯੋਗ ਸਮਝੋ ਤਾਂ ਵੱਡੇ ਮਤੀ ਦਾਸ ਨੂੰ ਦੀਵਾਨ ਦੀ ਸੇਵਾ ਤੇ ਛੋਟੇ ਸਤੀ ਦਾਸ ਨੂੰ ਵਜ਼ੀਰ ਦੀ ਸੇਵਾ ਕਰਨ ਦਾ ਮਾਣ ਬਖ਼ਸ਼ ਦੇਵੋ।" ਗੁਰੂ ਜੀ ਨੇ ਦੀਵਾਨ ਦੁਰਗਾ ਮੱਲ ਦੀ ਬੇਨਤੀ ਪ੍ਰਵਾਨ ਕਰ ਕੇ ਭਾਈ ਮਤੀ ਦਾਸ ਨੂੰ ਦੀਵਾਨ ਤੇ ਭਾਈ ਸਤੀ ਦਾਸ ਨੂੰ ਵਜ਼ੀਰ ਦੀ ਸੇਵਾ ਸੌਂਪ ਦਿੱਤੀ।

ਔਰੰਗਜ਼ੇਬ ਨੇ 1674 ਈਸਵੀ ਵਿਚ ਸਾਰੇ ਹਿੰਦੁਸਤਾਨ ਦਾ 'ਇੱਕ ਧਰਮ' ਕਰਨ ਲਈ ਕਸ਼ਮੀਰ ਵਾਲੇ ਪਾਸੇ ਤੋਂ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਹੁਕਮ ਕਰ ਦਿੱਤਾ। ਸੂਬੇਦਾਰ ਸ਼ੇਰ ਅਫ਼ਗਨ ਖ਼ਾਨ ਦੀ ਤਲਵਾਰ ਅੱਗੇ ਸਿਰ ਝੁਕਾਉਣ ਤੋਂ ਪਹਿਲਾਂ, ਕਸ਼ਮੀਰ ਦੇ ਮੁਖੀ ਬ੍ਰਾਹਮਣ, ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ 25 ਮਈ, 1675 ਈਸਵੀ ਨੂੰ ਅਨੰਦਪੁਰ ਵਿਖੇ ਗੁਰੂ ਤੇਗ਼ ਬਹਾਦਰ ਜੀ ਪਾਸ ਹਾਜ਼ਰ ਹੋਏ ਤੇ ਉਨ੍ਹਾਂ ਆਪਣੀ ਲਾਚਾਰੀ ਗੁਰੂ ਜੀ ਨੂੰ ਦੱਸੀ। ਗੁਰੂ ਜੀ ਜਾਣਦੇ ਸਨ ਕਿ ਕਮਜ਼ੋਰ ਤੇ ਸਹਿਮੇ ਹੋਏ ਲੋਕ ਗੱਲਾਂ ਸੁਣ ਕੇ ਬਹਾਦਰ ਨਹੀਂ ਬਣ ਜਾਂਦੇ। ਉਨ੍ਹਾਂ ਨੂੰ ਨਿਡਰ ਬਣਾਉਣ ਲਈ ਨਿਰਭਉ ਤੇ ਮਹਾਨ ਅਗਵਾਈ ਦੀ ਲੋੜ ਹੁੰਦੀ ਹੈ। ਇਸ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਸੂਬੇਦਾਰ ਨੂੰ ਜਾ ਕੇ ਕਹਿ ਦੇਵੋ ਕਿ ਗੁਰੂ ਤੇਗ਼ ਬਹਾਦਰ ਸਾਡੇ ਆਗੂ ਹਨ। ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ।" ਔਰੰਗਜ਼ੇਬ ਨੇ ਇਹ ਸੁਨੇਹਾ ਮਿਲਣ 'ਤੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਕਰ ਦਿੱਤਾ। ਗੁਰੂ ਜੀ ਗ੍ਰਿਫ਼ਤਾਰੀ ਦੇਣ ਲਈ 11 ਜੁਲਾਈ, 1675 ਈਸਵੀ ਨੂੰ ਅਨੰਦਪੁਰ ਤੋਂ ਆਗਰੇ ਨੂੰ ਚਲ ਪਏ। ਆਗਰੇ ਪੁੱਜਣ ਉੱਪਰ ਜਦੋਂ ਸਿਪਾਹੀ

ਭਾਈ ਮਤੀ ਦਾਸ ਤੇ ਭਾਈ ਸਤੀ ਦਾਸ

Bhai Mati Dass and Bhai Sati Dass



ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲੱਗੇ ਤਾਂ ਪਹਿਲਾਂ ਦੋਹਾਂ ਭਰਾਵਾਂ ਨੇ ਅੱਗੇ ਹੋ ਕੇ ਗ੍ਰਿਫ਼ਤਾਰੀਆਂ ਦਿੱਤੀਆਂ।

ਔਰੰਗਜ਼ੇਬ ਦਾ ਦੂਜਾ ਹੁਕਮ ਆਉਣ 'ਤੇ ਗੁਰੂ ਜੀ ਨੂੰ ਮੁਸਲਮਾਨ ਬਣਨ ਲਈ ਕਿਹਾ ਗਿਆ। ਗੁਰੂ ਜੀ ਨੇ ਨਾਂਹ ਕਰ ਦਿੱਤੀ। ਕਾਜ਼ੀਆਂ ਨੇ ਗੁਰੂ ਜੀ ਨੂੰ ਡਰਾਉਣ ਲਈ, ਉਨ੍ਹਾਂ ਦੇ ਨਾਲ ਗ੍ਰਿਫ਼ਤਾਰ ਹੋਏ ਸਿੱਖਾਂ ਨੂੰ ਉਨ੍ਹਾਂ ਦੇ ਸਾਹਮਣੇ ਤਸੀਹੇ ਦੇ ਕੇ ਕਤਲ ਕਰਨ ਦਾ ਮਨਸੂਬਾ ਬਣਾ ਲਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਗੁਰੂ ਜੀ ਸਿੱਖਾਂ ਨੂੰ ਕਤਲ ਹੁੰਦੇ ਦੇਖ ਕੇ, ਡਰ ਦੇ ਮਾਰੇ ਇਸਲਾਮ ਕਬੂਲ ਕਰ ਲੈਣਗੇ। ਕਾਜ਼ੀਆਂ ਨੇ ਸਭ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਚੀਰੇ ਜਾਣ ਦਾ ਹੁਕਮ ਦਿੱਤਾ।

ਕਾਜ਼ੀਆਂ ਦਾ ਫ਼ਤਵਾ ਸੁਣ ਕੇ ਭਾਈ ਮਤੀ ਦਾਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਅਸੀਸ ਦਿਉ ਤਾਂ ਜੁ ਮੈਂ ਧਰਮ ਦੀ ਸ਼ਾਨ ਉੱਤੇ ਕੁਰਬਾਨ ਹੋ ਕੇ ਆਪਣਾ ਫ਼ਰਜ਼ ਪੂਰਾ ਕਰ ਸਕਾਂ।" ਗੁਰੂ ਜੀ ਦੇ ਅਸੀਸ ਦੇਣ ਪਿੱਛੋਂ ਕਾਜ਼ੀਆਂ ਨੇ ਭਾਈ ਮਤੀ ਦਾਸ ਨੂੰ ਕਿਹਾ, "ਭਾਈ, ਤੂੰ ਇਸਲਾਮ ਕਬੂਲ ਕਰ ਲੈ ਤੇ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਮੌਜਾਂ ਮਾਣ। ਮੁਸਲਮਾਨ ਹੋ ਕੇ ਮਰਨ ਪਿੱਛੋਂ ਜੰਨਤ ਵਿਚ ਜਾਵੇਂਗਾ, ਜਿੱਥੇ ਦੁੱਧ ਦੀਆਂ ਨਦੀਆਂ ਹੋਣਗੀਆਂ, ਪੀਣ ਲਈ ਤਰ੍ਹਾਂ ਤਰ੍ਹਾਂ ਦੀ ਸ਼ਰਾਬ ਹੋਵੇਗੀ ਤੇ ਹੂਰਾਂ ਹੋਣਗੀਆਂ। ਜੇ ਤੂੰ ਇਸਲਾਮ ਕਬੂਲ ਨਹੀਂ ਕਰੇਂਗਾ ਤਾਂ ਤੇਰੇ ਦੋ ਟੁਕੜੇ ਕਰ ਦਿੱਤੇ ਜਾਣਗੇ।" ਭਾਈ ਮਤੀ ਦਾਸ ਨੇ ਉੱਤਰ ਦਿੱਤਾ, "ਮੈਂ ਸਿੱਖੀ ਤੋਂ ਸੈਂਕੜੇ ਬਹਿਸ਼ਤ ਵਾਰ ਸਕਦਾ ਹਾਂ। ਮੈਨੂੰ ਹੂਰਾਂ ਅਤੇ ਸ਼ਰਾਬ ਦੀ ਲੋੜ ਨਹੀਂ। ਮੈਨੂੰ ਧਰਮ ਦੇ ਰਸਤੇ ਵਿਚ ਬਹਿਸ਼ਤ ਨਜ਼ਰ ਆਉਂਦਾ ਹੈ।" ਉਸ ਪਿੱਛੋਂ ਕਾਜ਼ੀਆਂ ਨੇ ਉਨ੍ਹਾਂ ਦੀ ਆਖ਼ਰੀ ਮੁਰਾਦ ਪੁੱਛੀ। ਉਨ੍ਹਾਂ ਨੇ ਉੱਤਰ ਦਿੱਤਾ, "ਜਦੋਂ ਮੈਨੂੰ ਆਰੇ ਨਾਲ ਚੀਰਿਆ ਜਾਵੇ, ਮੇਰਾ ਮੂੰਹ ਮੇਰੇ ਮੁਰਸ਼ਦ ਵੱਲ ਰਖਣਾ ਤਾਂ ਜੁ ਮੈਂ ਆਪਣੇ ਗੁਰੂ ਦੇ,ਆਖ਼ਰੀ ਦਮਾਂ ਤਕ ਦੀਦਾਰ ਕਰ ਸਕਾਂ ਤੇ ਉਹ ਮੈਨੂੰ ਦੇਖਦੇ ਰਹਿਣ, ਜਿਸ ਨਾਲ ਉਨ੍ਹਾਂ ਨੂੰ ਯਕੀਨ ਆ ਜਾਵੇ ਕਿ ਮੈਂ ਕਿਵੇਂ ਖ਼ੁਸ਼ੀ ਖ਼ੁਸ਼ੀ ਆਖ਼ਰੀ ਮੰਜ਼ਿਲ ਤਕ ਪਹੁੰਚਦਾ ਹਾਂ।" ਕਾਜ਼ੀਆਂ ਦੇ ਹੁਕਮ ਨਾਲ ਜੱਲਾਦਾਂ ਨੇ 8 ਨਵੰਬਰ, 1675 ਈਸਵੀ ਨੂੰ ਚਾਂਦਨੀ ਚੌਕ ਵਿਚ, ਭਾਈ ਮਤੀ ਦਾਸ ਦੇ ਸਰੀਰ ਦੇ ਆਰੇ ਨਾਲ ਦੋ ਭਾਗ ਕਰ ਦਿੱਤੇ।

ਕਾਜ਼ੀਆਂ ਨੇ 10 ਨਵੰਬਰ, 1675 ਈਸਵੀ ਨੂੰ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਸਾੜੇ ਜਾਣ ਦਾ ਹੁਕਮ ਸੁਣਾਇਆ। ਕਾਜ਼ੀਆਂ ਨੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟੇ ਜਾਣ ਤੋਂ ਪਹਿਲਾਂ ਕਿਹਾ, "ਤੂੰ ਇਸਲਾਮ ਕਬੂਲ ਕਰ ਕੇ ਆਪਣੀ ਜਾਨ ਬਚਾ ਲੈ ਤੇ ਮੌਜਾਂ ਕਰ।" ਭਾਈ ਸਤੀ ਦਾਸ ਨੇ ਉੱਤਰ ਦਿੱਤਾ, "ਤੁਸੀਂ ਨਹੀਂ ਸਮਝ ਸਕਦੇ ਕਿ ਮੇਰੀ ਮੌਜ ਤੇ ਮੇਰੀ ਖ਼ੁਸ਼ੀ ਸਿਰਫ਼ ਗੁਰੂ ਦਾ ਹੁਕਮ ਮੰਨਣ ਵਿਚ ਹੈ। ਇਹ ਜਾਨ ਬਚਾਉਣ ਵਿਚ ਨਹੀਂ, ਜਿਹੜੀ ਇੱਕ ਦਿਨ ਫਿਰ ਵੀ ਨਿਕਲ ਜਾਣੀ ਹੈ।" ਇਹ ਉੱਤਰ ਸੁਣ ਕੇ ਜੱਲਾਦਾਂ ਨੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਦਿੱਤਾ ਤੇ ਉੱਪਰੋਂ ਤੇਲ ਪਾ ਕੇ ਅੱਗ ਲਗਾ ਦਿੱਤੀ। ਭਾਈ ਸਤੀ ਦਾਸ ਅਡੋਲ ਚਿਤ ਆਖ਼ਰੀ ਸਵਾਸਾਂ ਤੱਕ ਰੂੰ ਵਿਚ ਸੜਦੇ ਰਹੇ ਤੇ ਆਪਣਾ ਪ੍ਰਣ ਨਿਭਾ ਗਏ।

Bhai Mati Dass and Bhai Sati Dass

Bhai Mati Dass and Bhai Sati Dass both brothers were sons of Bhai Hira Nand. Their ancestor, Gautam Dass was a resident of village Kariala in Jehlum district. He was initiated into Sikh faith by Guru Arjan Dev. Pleased at his services, the Guru had bestowed on him the title of 'Bhai' (brother) which continues in their family to this day.

Their grandfather, Bhai Praga, had been given command of a 'Jatha' (unit) by Guru Hargobind in the first battle with the Mughals in 1628 A.D. He died of deep wounds sustained in that battle. After that, Bhai Hira Nand presented himself in the service of Guru Har Rai. Before his death in 1657 A.D., he left Bhai Mati Dass and Bhai Sati Dass, elder of his four sons, to serve the Guru's institution. In accordance with the command of their father, they started serving the Guru's institution with heart and soul.

Bhai Mati Dass and Bhai Sati Dass accompanied Guru Har Krishan when he went to Delhi on invitation from Aurangzeb. After the merger of the Guru into the Supreme Being on the 30th March, 1664 A.D., both the brothers went to village Bakala. On the manifestation of Guru Tegh Bahadur, both the brothers presented themselves in his service. When Dhir Mall could not become the Guru, he made a fruitless attempt to shoot the Guru in collaboration with Shihan Masand and his gang. After that he had taken away valuable items from the Guru's institution to his camp. At that time both the brothers gave all the help to Makhan Shah to present Dhir Mall and Shihan Masand in bondage before the Guru.

One day, Durga Mall, the Diwan (chief minister) of Guru's institution requested the Guru, "Respected Guru ! My body, soul and worldly wealth are all at your service but it is becoming difficult for me to carry out the duty of Diwan due to old age. These two nephews are in your service who are trustworthy and faithful sons. If you deem fit, bestow the elder Mati Dass, the honour to serve as Diwan and the younger Sati Dass as Wazir (public affair minister)." Accepting the request of Diwan Durga Mall, the Guru entrusted the service of Diwan to Bhai Mati Dass and Wazir to Bhai Sati Dass.

In order to bring the whole of India under one faith, Aurangzeb ordered in 1674 A.D., to convert Hindus to Islam by force from the Kashmir side. Before bowing their heads before the sword of Sher Afgan Khan, the Governor of Kashmir, the prominent Brahmins of Kashmir led by Pandit Kirpa Ram appeared before the Guru at Anandpur on the 25th May, 1675 A.D., and explained about their helplessness. The Guru knew that weak and terrified people do not become brave by listening to episodes of bravery. Fearless and great leadership is needed to make them fearless. So the Guru said to them, "Go and tell the Governor that Guru Tegh Bahadur is our leader. If you convert him to Islam, we shall become

Muslims of our own accord." On getting this message, Aurangzeb ordered the arrest of the Guru. For courting arrest, the Guru started towards Agra from Anandpur on the 11th July, 1675 A.D. At Agra, when the soldiers came to arrest the Guru, both the brothers came forward to offer themselves for arrest first.


On receipt of the second order from Aurangzeb, the Guru was asked to embrace Islam. The Guru refused. In order to intimidate the Guru, the qazis (Islamic magistrates) made a plan to torture to death, the Sikhs arrested with the Guru before his eyes. They thought that the Guru would embrace Islam out of fear on seeing the Sikhs murdered. The qazis decreed to cut Bhai Mati Dass with a saw first of all.

Hearing the order of the qazis, Bhai Mati Dass prayed to the Guru, "O True King ! bless me so that I may do my duty by sacrificing myself for the glory of the faith." After the Guru had blessed him, the qazis asked Bhai Mati Dass, "Brother, embrace Islam and enjoy the pleasures provided by the government. Moreover when you die as a Muslim, you will go to heaven where there will be streams of milk, many kinds of wine to drink and beautiful women to enjoy. If you do not embrace Islam, your body will be sawn into two." Bhai Mati Dass replied, "I can sacrifice hundreds of such heavens for my faith. I don't need women nor wine. I see all the happiness in the path of my faith." After his refusal, the qazis asked him his last wish, to which he replied, "When I am being cut with the saw, let my face be towards my mentor so that I may behold my Guru till my last breath and he may keep on seeing me so that he may be convinced how happily I reach my last destination." By the order of the qazis, the executioners sawed Bhai Mati Dass in two on the 8th November, 1675 A.D., in Chandani Chowk, Delhi.

On the 10th November, 1675 A.D., the qazis ordered Bhai Sati Dass to be wrapped in cotton and burnt. Before being wrapped in cotton, the qazis asked Bhai Sati Dass, "Save your life by embracing Islam and live in pleasure." Bhai Sati Dass replied, "You cannot understand that my pleasure and happiness lie only in obeying the command of my Guru. It does not lie in saving this life which must end one day." At this reply, the executioners wrapped Bhai Sati Dass in cotton, poured oil over it and set fire to it. Bhai Sati Dass remained calm while burning till his last breath and remained true to his resolve.

ਭਾਈ ਦਿਆਲ ਦਾਸ

Bhai Dayal Dass



ਭਾਈ ਦਿਆਲ ਦਾਸ

ਭਾਈ ਦਿਆਲ ਦਾਸ, ਭਾਈ ਮਾਈ ਦਾਸ ਦੇ ਸਪੁੱਤਰ ਅਤੇ ਸ਼ਹੀਦ ਭਾਈ ਮਨੀ ਸਿੰਘ ਦੇ ਛੋਟੇ ਭਰਾ ਸਨ। ਉਨ੍ਹਾਂ ਦੇ ਦਾਦਾ ਬਾਲੂ ਰਾਮ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਹਿਲੇ ਧਰਮ-ਯੁੱਧ ਵਿਚ ਮੁਗ਼ਲਾਂ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰ ਗਏ ਸਨ। ਉਨ੍ਹਾਂ ਦੇ ਵਡੇਰੇ, ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। 1657 ਈਸਵੀ ਵਿਚ ਭਾਈ ਮਾਈ ਦਾਸ ਜੀ ਗੁਰੂ ਹਰਿ ਰਾਇ ਜੀ ਦੇ ਦਰਸ਼ਨਾਂ ਲਈ ਕੀਰਤਪੁਰ ਆਏ। ਉਹ ਵਾਪਸ ਜਾਣ ਲੱਗੇ ਆਪਣੇ ਵੱਡੇ ਤਿੰਨ ਪੁੱਤਰ ਗੁਰੂ-ਘਰ ਦੀ ਸੇਵਾ ਕਰਨ ਲਈ ਛੱਡ ਗਏ। ਗੁਰੂ-ਘਰ ਵਿਚ ਪ੍ਰਵੇਸ਼ ਕਰਨ ਸਮੇਂ ਭਾਈ ਦਿਆਲ ਦਾਸ ਜੀ ਪੰਦਰਾਂ ਸਾਲਾਂ ਦੇ ਸਨ।

ਦੀਵਾਨ ਦੁਰਗਾ ਮੱਲ ਦੀ ਸਿਫ਼ਾਰਸ਼ ਉੱਪਰ ਗੁਰੂ ਤੇਗ਼ ਬਹਾਦਰ ਜੀ ਨੇ ਉਨ੍ਹਾਂ ਨੂੰ ਘਰ-ਬਾਰੀ ਮੰਤਰੀ ਦੀ ਸੇਵਾ ਸੌਂਪ ਦਿੱਤੀ ਸੀ। 1665 ਈਸਵੀ ਵਿਚ ਗੁਰੂ ਤੇਗ਼ ਬਹਾਦਰ ਜੀ ਪਟਨੇ ਤੋਂ ਅਸਾਮ ਨੂੰ ਜਾਣ ਲੱਗੇ, ਉਨ੍ਹਾਂ ਨੂੰ ਪਰਵਾਰ ਦੀ ਦੇਖ-ਭਾਲ ਲਈ ਪਟਨੇ ਛੱਡ ਗਏ ਸਨ। (ਗੁਰੂ) ਗੋਬਿੰਦ ਸਿੰਘ ਜੀ ਦਾ ਜਨਮ ਉਨ੍ਹਾਂ ਦੀ ਸੇਵਾ ਸੰਭਾਲ ਵਿਚ ਹੋਇਆ ਤੇ ਸਾਹਿਬਜ਼ਾਦੇ ਦੇ ਅਨੰਦਪੁਰ ਪੁੱਜਣ ਤਕ ਉਨ੍ਹਾਂ ਦੀ ਜ਼ਿੰਮੇਵਾਰੀ ਰਹੀ।

25 ਮਈ, 1675 ਈਸਵੀ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਵਾਪਸ ਭੇਜ ਦੇਣ ਪਿੱਛੋਂ, ਆਗਰੇ ਪੁੱਜ ਕੇ ਗ੍ਰਿਫ਼ਤਾਰੀ ਦੇਣ ਦਾ ਵਿਚਾਰ ਕਰ ਲਿਆ। ਉਨ੍ਹਾਂ ਨੇ ਅਨੰਦਪੁਰ ਤੋਂ ਚੱਲਣ ਤੋਂ ਪਹਿਲਾਂ ਆਪਣੇ ਮੁਖੀ ਸੇਵਾਦਾਰਾਂ ਨੂੰ ਮਨਇੱਛਤ ਵਰ ਮੰਗਣ ਲਈ ਪੁੱਛਿਆ। ਉਨ੍ਹਾਂ ਸਾਰਿਆਂ ਦਾ ਇੱਕੋ ਉੱਤਰ ਸੀ, "ਸਾਨੂੰ ਆਪ ਦੇ ਨਾਲ ਆਗਰੇ ਜਾਣ ਦੀ ਆਗਿਆ ਦਿੱਤੀ ਜਾਵੇ।" ਉਨ੍ਹਾਂ ਮੁਖੀਆਂ ਵਿਚ ਭਾਈ ਦਿਆਲ ਦਾਸ ਵੀ ਸਨ, ਜਿਨ੍ਹਾਂ ਨੇ ਆਗਰੇ ਵਿਚ ਗੁਰੂ ਜੀ ਤੋਂ ਪਹਿਲਾਂ ਗ੍ਰਿਫ਼ਤਾਰੀ ਦਿੱਤੀ ਸੀ।

9 ਨਵੰਬਰ, 1675 ਈਸਵੀ ਨੂੰ ਕਾਜ਼ੀਆਂ ਨੇ ਭਾਈ ਦਿਆਲ ਦਾਸ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਏ ਜਾਣ ਦਾ ਹੁਕਮ ਕਰ ਦਿੱਤਾ। ਭਾਈ ਦਿਆਲ ਦਾਸ ਨੇ ਫ਼ਤਵਾ ਸੁਣ ਕੇ ਗੁਰੂ ਜੀ ਪਾਸੋਂ ਆਗਿਆ ਮੰਗੀ। ਗੁਰੂ ਜੀ ਨੇ ਕਿਹਾ, "ਭਾਈ, ਤੁਸਾਂ ਦੀ ਕਮਾਈ ਸਫਲ ਹੋ ਗਈ ਹੈ, ਜਿਸ ਕਾਰਨ ਤੁਸਾਂ ਦੀ ਵਾਰੀ ਮੇਰੇ ਨਾਲੋਂ ਪਹਿਲਾਂ ਆ ਗਈ ਹੈ। ਤੁਸੀਂ ਧੰਨ ਹੋ ਤੇ ਤੁਸਾਂ ਦਾ ਸਿਦਕ ਧੰਨ ਹੈ। ਮੇਰੇ ਲਈ ਇਸ ਨਾਲੋਂ ਵੱਧ ਹੋਰ ਕਿਹੜੀ ਖ਼ੁਸ਼ੀ ਵਾਲੀ ਗੱਲ ਹੋ ਸਕਦੀ ਹੈ ਕਿ ਮੇਰੇ ਉਮਰ ਭਰ ਦੇ ਸੇਵਕ ਮਨੁੱਖੀ ਹਿਤਾਂ ਦੀ ਰਾਖੀ ਲਈ ਮੇਰੇ ਨਾਲੋਂ ਵੀ ਪਹਿਲਾਂ ਜਾਨਾਂ ਵਾਰ ਰਹੇ ਹਨ। ਆਪ ਨੂੰ ਅਕਾਲ ਪੁਰਖ ਸਫਲਤਾ ਬਖ਼ਸ਼ੇ।"

ਕਾਜ਼ੀਆਂ ਨੇ ਭਾਈ ਦਿਆਲ ਦਾਸ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਉਣ ਤੋਂ ਪਹਿਲਾਂ ਕਿਹਾ, "ਅਜੇ ਵੀ ਸਮਾਂ ਹੈ। ਤੂੰ ਇਸਲਾਮ ਕਬੂਲ ਕਰ ਲੈ ਤੇ ਦੁੱਖਾਂ ਤੋਂ ਬਚ ਜਾ, ਨਹੀਂ ਤਾਂ ਤੈਨੂੰ ਤੇਰੇ ਸਾਥੀ ਨਾਲੋਂ ਵੀ ਵੱਧ ਤਕਲੀਫ਼ਾਂ ਦਿੱਤੀਆਂ ਜਾਣਗੀਆਂ। ਤੂੰ ਦੇਖਿਆ ਸੀ ਕਿ ਉਸਨੂੰ ਕਿੰਨੀ ਬੇਰਹਿਮੀ ਨਾਲ ਚੀਰਿਆ ਗਿਆ ਸੀ।" ਭਾਈ ਦਿਆਲ ਦਾਸ ਨੇ ਉੱਤਰ ਦਿਤਾ, "ਭਾਈ ਮਤੀ ਦਾਸ ਨੂੰ ਤੁਸੀਂ ਦੁੱਖ ਨਹੀਂ ਦੇ ਸਕੇ। ਤੁਸੀਂ ਦੇਖਿਆ ਸੀ ਕਿ ਉਹ ਕਿਵੇਂ ਅਡੋਲ-ਚਿਤ ਆਪਣੇ ਗੁਰੂ ਦੀ ਬਾਣੀ ਪੜ੍ਹ ਰਿਹਾ ਸੀ, ਜਦੋਂ ਆਰਾ ਉਸਦੇ ਸਰੀਰ ਨੂੰ ਕੱਟ ਰਿਹਾ ਸੀ। ਉਹ ਤਾਂ ਸਰੀਰਕ ਦੁੱਖਾਂ ਨੂੰ ਮਖ਼ੌਲ ਕਰਦਾ ਹੋਇਆ ਪਰਮਾਤਮਾ ਵਿਚ ਸਮਾ ਗਿਆ। ਜਲਦੀ ਕਰੋ, ਮੇਰੀ ਆਤਮਾ ਨੂੰ ਪਰਮਾਤਮਾ ਵਿਚ ਮਿਲਣ ਦੇਵੋ।" ਭਾਈ ਦਿਆਲ ਦਾਸ ਦੇ ਨਾਂਹ ਕਰਨ 'ਤੇ ਉਨ੍ਹਾਂ ਨੂੰ ਜੱਲਾਦਾਂ ਨੇ ਉਬਲਦੇ ਪਾਣੀ ਦੀ ਦੇਗ ਵਿਚ ਬਿਠਾ ਦਿੱਤਾ। ਉਹ ਪਾਣੀ ਦੀ ਦੇਗ ਵਿਚ ਅਡੋਲ-ਚਿਤ ਬੈਠ ਗਏ। ਉਨ੍ਹਾਂ ਦਾ ਮਾਸ ਹੱਡੀਆਂ ਨਾਲੋਂ ਅਲੱਗ ਹੋ ਗਿਆ ਤੇ ਉਨ੍ਹਾਂ ਦੀ ਆਤਮਾ, ਪਰਮਾਤਮਾ ਵਿਚ ਸਮਾ ਗਈ।

Bhai Dayal Dass

Bhai Dayal Dass was son of Bhai Mai Dass and younger brother of martyr Mani Singh. His grandfather, Balu Ram had attained martyrdom while fighting in Guru Hargobind's first battle of faith against the Mughals. His ancestors belonged to Alipur near Multan. Bhai Mai Dass came to Kiratpur for an audience with Guru Har Rai in 1657 A.D. While returning, he left his three elder sons for service of the Guru's institution. Bhai Dayal Dass was fifteen when he entered the Guru's institution.

On recommendation from Diwan Durga Mall, Guru Tegh Bahadur made him minister for domestic affairs. In 1665 A.D., when Guru Tegh Bahadur went to Assam from Patna, he left him at Patna to look after his family. The birth of (Guru) Gobind Singh took place under his care and service and he looked after the prince till he reached Anandpur.

After sending the Kashmiri Brahmins back on the 25th May, 1675 A.D., Guru Tegh Bahadur decided to go to Agra for courting arrest. Before leaving Anandpur, he asked his principal devotees to ask for any blessing they had at heart. All were unanimous in their reply, "That we be granted permission to accompany you to Agra." Bhai Dayal Dass was also one of those Sikhs who had been arrested ahead of the Guru.

On the 9th November, 1675 A.D., the qazis ordered that Bhai Dayal Dass be seated in a cauldron of boiling water. On hearing the ruling, Bhai Dayal Dass asked leave of the Guru. The Guru said, "Brother, your service has borne fruit due to which your turn has come before mine. Great are you and blessed is your devotion. What pleasure can be greater for me than to see my lifelong devotees sacrificing their lives for the protection of human rights even ahead of me. May God bless you with success."

Before putting Bhai Dayal Dass in the cauldron of boiling water, the qazis said, "There is still time. Embrace Islam and save yourself from pains otherwise you will face greater agony than your companion. You have seen how cruelly he was sawn." Bhai Dayal Dass replied, "You could not harass my companion. Did you notice, how calmly he was meditating on the word of his Guru when he was being sawn. Having made mockery of bodily pains, he had diffused into the Supreme Being. Hurry up and let my soul attain unity with the Lord." On his reply in the negative, the executioners sat him in the cauldron of boiling water. He stayed on sitting in the water with an unwavering mind. His flesh separated from his bones and his soul merged into the Supreme Being.

ਭਾਈ ਤਾਰਾ ਸਿੰਘ

1710 ਈਸਵੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਰਾਜ ਵਿਚ ਜ਼ਿਮੀਂਦਾਰਾ ਖ਼ਤਮ ਕਰ ਕੇ ਮੁਜ਼ਾਰਿਆਂ ਨੂੰ ਜ਼ਮੀਨ ਦੇ ਮਾਲਕ ਬਣਾ ਦਿੱਤਾ ਸੀ। ਕਈ ਚੌਧਰੀਆਂ ਦੀ ਪਿੰਡਾਂ ਦੀ ਮਾਲਕੀ ਖ਼ਤਮ ਹੋ ਜਾਣ 'ਤੇ ਵੀ ਉਨ੍ਹਾਂ ਦੀਆਂ ਚੌਧਰੀਆਂ ਵਾਲੀਆਂ ਆਦਤਾਂ ਨਾ ਗਈਆਂ। ਸਾਹਿਬ ਰਾਏ, ਨੌਸ਼ਹਿਰੇ ਪਿੰਡ ਦਾ ਚੌਧਰੀ ਉਨ੍ਹਾਂ ਵਿੱਚੋਂ ਇੱਕ ਸੀ, ਜਿਹੜਾ ਆਪਣੀਆਂ ਘੋੜੀਆਂ ਦੂਜਿਆਂ ਦੇ ਖੇਤਾਂ ਵਿਚ ਚੁਗਣ ਲਈ ਖੁੱਲ੍ਹੀਆਂ ਛੱਡ ਦਿੰਦਾ ਸੀ। ਨੌਸ਼ਹਿਰੇ ਨਾਲ ਲਗਦੇ ਭੜਾਣਾ ਪਿੰਡ ਦੇ ਮਾਲੀ ਸਿੰਘ ਤੇ ਗੁਰਬਖ਼ਸ਼ ਸਿੰਘ ਨੇ ਸਾਹਿਬ ਰਾਏ ਨੂੰ ਬੇਨਤੀ ਕੀਤੀ, "ਤੁਸੀਂ ਆਪਣੀਆਂ ਘੋੜੀਆਂ ਨੂੰ ਬੰਨ੍ਹ ਕੇ ਰਖਿਆ ਕਰੋ। ਇਹ ਖੁੱਲ੍ਹੀਆਂ ਫਿਰਦੀਆਂ ਸਾਡੀ ਫ਼ਸਲ ਖ਼ਰਾਬ ਕਰਦੀਆਂ ਹਨ। ਸਾਹਿਬ ਰਾਏ ਨੇ ਚੌਧਰਪੁਣੇ ਦੇ ਰੋਹਬ ਵਿਚ ਕਿਹਾ, "ਜਦੋਂ ਮੈਂ ਤੁਸਾਂ ਦੇ ਕੇਸ ਕਟਵਾ ਕੇ ਰੱਸੇ ਬਣਵਾ ਲਏ, ਤਦ ਮੈਂ ਉਨ੍ਹਾਂ ਰੱਸਿਆਂ ਨਾਲ ਇਨ੍ਹਾਂ ਨੂੰ ਬੰਨ੍ਹਾਂਗਾ।"

ਸਿੰਘਾਂ ਨੇ ਭੁਸੇ ਪਿੰਡ ਦੇ ਸਰਦਾਰ ਅਮਰ ਸਿੰਘ ਤੇ ਬਘੇਲ ਸਿੰਘ ਨੂੰ ਸਾਹਿਬ ਰਾਏ ਦੀ ਵਧੀਕੀ ਦੱਸੀ। ਉਨ੍ਹਾਂ ਨੇ ਚੌਧਰੀ ਦੀਆਂ ਘੋੜੀਆਂ ਚੋਰੀ ਕਰ ਕੇ ਵੇਚ ਦਿੱਤੀਆਂ ਤੇ ਮਾਇਆ ਭਾਈ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ। ਭਾਈ ਤਾਰਾ ਸਿੰਘ ਵਾਂ ਪਿੰਡ ਦੇ ਰਹਿਣ ਵਾਲੇ, ਖੇਤੀ ਕਰ ਕੇ ਗੁਜ਼ਾਰਾ ਕਰਦੇ ਸਨ। ਉਨ੍ਹਾਂ ਨੇ ਖੇਤਾਂ ਵਿਚ ਰਿਹਾਇਸ਼ ਰਖੀ ਹੋਈ ਸੀ, ਜਿੱਥੇ ਉਨ੍ਹਾਂ ਨੇ ਗੁਰਦੁਆਰਾ ਬਣਾਇਆ ਹੋਇਆ ਸੀ।

ਸਾਹਿਬ ਰਾਏ ਨੂੰ ਇੱਕ ਦਿਨ ਉਸਦੇ ਆਦਮੀ ਨੇ ਦੱਸਿਆ, "ਸਰਦਾਰ ਬਘੇਲ ਸਿੰਘ ਜਿਸ ਨੇ ਤੁਹਾਡੀਆਂ ਘੋੜੀਆਂ ਚੋਰੀ ਕੀਤੀਆਂ ਸਨ, ਉਹ ਭਾਈ ਤਾਰਾ ਸਿੰਘ ਦੇ ਡੇਰੇ ਅੱਜ ਆਇਆ ਹੋਇਆ ਹੈ।" ਸਾਹਿਬ ਰਾਏ ਆਪਣੇ ਆਦਮੀ ਲੈ ਕੇ ਡੇਰੇ ਪੁੱਜ ਗਿਆ ਤੇ ਭਾਈ ਤਾਰਾ ਸਿੰਘ ਨੂੰ ਉਸਨੇ ਕਿਹਾ, "ਮੇਰਾ ਚੋਰ ਤੇਰੇ ਡੇਰੇ ਵਿਚ ਹੈ। ਉਸਨੂੰ ਮੇਰੇ ਹਵਾਲੇ ਕਰ ਦੇ, ਨਹੀਂ ਤਾਂ ਮੈਂ ਜੁੱਤੀਆਂ ਮਾਰ ਕੇ ਲੈ ਲਵਾਂਗਾ।" ਉਸਨੇ ਇਹ ਸ਼ਬਦ ਕਹੇ ਹੀ ਸਨ ਕਿ ਕੋਲ ਖੜੇ ਸਿੰਘ ਨੇ ਸਾਹਿਬ ਰਾਏ ਨੂੰ ਦੋ ਚਾਰ ਜੁੱਤੀਆਂ ਟਿਕਾ ਦਿੱਤੀਆਂ ਤੇ ਕਿਹਾ, "ਤੂੰ ਤਾਂ ਫਿਰ ਕਦੇ ਮਾਰੇਂਗਾ ਪਰ ਅੱਜ ਆਪ ਖਾ ਲੈ।"

ਸਾਹਿਬ ਰਾਏ, ਸਿੰਘ ਪਾਸੋਂ ਬੇਇਜ਼ਤੀ ਕਰਵਾ ਕੇ ਪੱਟੀ ਦੇ ਫ਼ੌਜਦਾਰ ਜ਼ਫ਼ਰ ਬੇਗ ਪਾਸ ਜਾ ਫ਼ਰਿਆਦੀ ਹੋਇਆ। ਉਹ ਦੋ ਸੌ ਘੋੜ-ਸਵਾਰ ਲੈ ਕੇ, ਸਿੱਖਾਂ ਨੂੰ ਸੋਧਣ ਲਈ, ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਭਾਈ ਤਾਰਾ ਸਿੰਘ ਦੇ ਡੇਰੇ ਪੁੱਜ ਗਿਆ। ਸੂਰਜ ਚੜ੍ਹਨ ਤਕ ਉਨ੍ਹਾਂ ਦੀ ਸਿੱਖਾਂ ਨਾਲ ਬੜੀ ਜੰਮ ਕੇ ਲੜਾਈ ਹੋਈ, ਜਿਸ ਵਿਚ ਸਰਦਾਰ ਬਘੇਲ ਸਿੰਘ ਸ਼ਹੀਦੀ ਪਾ ਗਏ ਤੇ ਫ਼ੌਜਦਾਰ ਦੇ ਦੋ ਭਤੀਜੇ ਮਾਰੇ ਗਏ। ਉਸ ਪਿੱਛੋਂ ਫ਼ੌਜਦਾਰ ਆਪਣਿਆਂ ਭਤੀਜਿਆਂ ਦੀਆਂ ਲਾਸ਼ਾਂ ਉਠਾ ਕੇ ਭੱਜ ਗਿਆ।

ਫ਼ੌਜਦਾਰ ਨੇ ਆਪਣੇ ਭਤੀਜਿਆਂ ਦੀਆਂ ਲਾਸ਼ਾਂ ਲਿਜਾ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਦਿਖਾਈਆਂ। ਉਸਨੇ ਮੋਮਨ ਖ਼ਾਨ ਨੂੰ ਦੋ ਹਜ਼ਾਰ ਘੋੜ-ਸਵਾਰ ਦੇ ਕੇ ਕਿਹਾ, "ਤੂੰ ਹੁਣੇ ਹੀ ਤਾਰਾ ਸਿੰਘ ਦੇ ਡੇਰੇ ਚਲਾ ਜਾ ਤੇ ਤਾਰਾ ਸਿੰਘ ਨੂੰ ਜ਼ਿੰਦਾ ਜਾਂ ਮੁਰਦਾ ਮੇਰੇ ਪਾਸ ਹਾਜ਼ਰ ਕਰ।" ਮੋਮਨ ਖ਼ਾਨ ਦੇ ਡੇਰੇ ਪੁੱਜਣ ਤੋਂ ਪਹਿਲਾਂ ਹੀ ਭਾਈ ਤਾਰਾ ਸਿੰਘ ਨੂੰ ਖ਼ਬਰ ਪੁੱਜ ਗਈ ਕਿ ਮੋਮਨ ਖ਼ਾਨ ਫ਼ੌਜ ਲੈ ਕੇ ਆ ਰਿਹਾ ਸੀ। ਉਨ੍ਹਾਂ ਨੇ ਡੇਰੇ ਦੇ ਸਾਰੇ ਸਿੱਖਾਂ ਨੂੰ ਇਕੱਠੇ ਕਰ ਕੇ ਕਿਹਾ, "ਜਿਸ ਨੂੰ ਧਰਮ ਨਾਲੋਂ ਜਾਨ ਪਿਆਰੀ ਹੈ, ਉਹ ਹੁਣੇ ਸਾਥ ਛੱਡ ਕੇ ਜਾ ਸਕਦਾ ਹੈ।" ਉਨ੍ਹਾਂ 52 ਸਿੱਖਾਂ ਵਿੱਚੋਂ ਕੋਈ ਵੀ ਸਾਥ ਛੱਡ ਕੇ ਜਾਣ ਲਈ ਤਿਆਰ ਨਾ ਹੋਇਆ। ਸਾਰੇ ਸਿੱਖ ਮੋਰਚੇ ਬਣਾ ਕੇ ਬੈਠ ਗਏ ਤੇ ਮੋਮਨ ਖ਼ਾਨ ਦੀ ਉਡੀਕ ਕਰਨ ਲੱਗੇ। ਫ਼ੌਜ ਦੇ ਪੁੱਜਣ ਉੱਪਰ ਦੋਹਾਂ ਪਾਸਿਆਂ ਤੋਂ ਹਮਲੇ ਹੋਣ ਲੱਗੇ। 1726 ਈਸਵੀ ਦੀ ਵਿਸਾਖੀ ਵਾਲੇ ਦਿਨ, ਉਹ 52 ਸਿੰਘ, ਦੋ ਹਜ਼ਾਰ ਘੋੜ-ਸਵਾਰਾਂ ਦਾ ਟਾਕਰਾ ਕਰਦੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਭਾਈ ਤਾਰਾ ਸਿੰਘ

Bhai Tara Singh



Bhai Tara Singh

In 1710 A.D., Baba Banda Singh Bahadur abolished landlordism in his kingdom and made tenants the owners of land. Inspite of the end of ownership of villages, many headmen did not give up their old habits of arrogance. Sahib Rai of village Naushehra was one of them who used to set his mares free in other people's fields for grazing. Mali Singh and Gurbax Singh of the adjoining village Bharana requested Sahib Rai, "Please keep your mares in the leash. Roaming free, they destroy our crops." Sahib Rai said in an arrogant way of a headman, "I shall tie them when I cut your hair and make ropes of these for this purpose."

The Singhs told about this excess of Sahib Rai to Sardar Amar Singh and Baghel Singh of village Bhusse. They caught hold of his mares, sold them and donated the money received to the community kitchen of Bhai Tara Singh. Bhai Tara Singh of village Wan farmed for a living. He lived in the fields where he had constructed a Gurdwara.


One day, one of Sahib Rai's men told him, "Sardar Baghel Singh who had stolen your mares has come to the abode of Bhai Tara Singh." Sahib Rai reached the dwelling of Bhai Tara Singh with his men and said, "My thief is in your dwelling. Hand him over to me otherwise I shall take him away after giving shoe-beating." Hardly had he uttered these words when a Sikh, standing by, gave him a few hits with his shoes and said, "It may be some time before you beat but today have a taste of it yourself."

After suffering insult at the hands of the Sikhs, Sahib Rai went and petitioned Zafar Beg, the Commander of Patti. To teach a lesson to the Sikhs, he reached the abode of Bhai Tara Singh before daybreak with two hundred horsemen. There was a pitched battle between them and the Sikhs until the sunrise in which Sardar Baghel Singh attained martyrdom and two nephews of the Commander were killed. After that, the Commander fled taking away the corpses of his nephews with him.

The Commander took the corpses of his nephews and showed them to Zakria Khan, the Governor of Lahore. He gave Momen Khan two thousand horsemen and said, "Proceed immediately to the abode of Tara Singh and present him dead or alive before me." Bhai Tara Singh had got information beforehand that Momen Khan was coming with an army. He gathered all the Sikhs at the camp and said, "Whosoever has his life dearer than faith can leave us now." None of the fifty-two Sikhs was ready to depart. All the Sikhs took up positions and began to wait for Momen Khan. At the arrival of the army, both sides started attacking. On Baisakhi day of 1726 A.D., those fifty-two Sikhs attained martyrdom fighting two thousand horsemen.

ਭਾਈ ਹਕੀਕਤ ਰਾਏ

Bhai Haqiqat Rai



ਭਾਈ ਹਕੀਕਤ ਰਾਏ

ਭਾਈ ਹਕੀਕਤ ਰਾਏ ਦਾ ਜਨਮ, 1724 ਈਸਵੀ ਵਿਚ ਭਾਈ ਭਾਗ ਮੱਲ ਖੱਤਰੀ ਦੇ ਘਰ, ਸਿਆਲਕੋਟ ਵਿਖੇ ਹੋਇਆ। ਉਸਦੇ ਨਾਨਕੇ ਸਿੱਖ ਸਨ ਤੇ ਉਸਦਾ ਛੋਟੀ ਉਮਰ ਵਿਚ ਹੀ ਸਿੱਖਾਂ ਦੇ ਘਰ ਸਰਦਾਰ ਕਿਸ਼ਨ ਸਿੰਘ ਦੀ ਪੁਤਰੀ ਦੁਰਗੀ ਨਾਲ ਵਿਆਹ ਕਰ ਦਿੱਤਾ ਗਿਆ। ਮੁਗ਼ਲਾਂ ਦੇ ਰਾਜ ਵਿਚ ਬੱਚੇ ਮੌਲਵੀ ਪਾਸੋਂ ਫ਼ਾਰਸੀ ਪੜ੍ਹਨ ਲਈ ਮਸੀਤਾਂ ਵਿਚ ਜਾਇਆ ਕਰਦੇ ਸਨ। ਭਾਈ ਹਕੀਕਤ ਰਾਏ ਵੀ ਮੌਲਵੀ ਪਾਸੋਂ ਫ਼ਾਰਸੀ ਸਿੱਖਣ ਜਾਂਦਾ ਸੀ। ਉਹ ਇੱਕ ਹਿੰਦੂ ਤੇ ਬਾਕੀ ਸਾਰੇ ਉਸਦੇ ਜਮਾਤੀ ਮੁਸਲਮਾਨ ਸਨ।

ਇੱਕ ਦਿਨ ਮੌਲਵੀ ਬਾਹਰ ਗਿਆ ਹੋਇਆ ਸੀ। ਭਾਈ ਹਕੀਕਤ ਰਾਏ ਦਾ ਇੱਕ ਲੜਕੇ ਨਾਲ ਝਗੜਾ ਹੋ ਗਿਆ। ਉਸਨੇ ਭਾਈ ਹਕੀਕਤ ਰਾਏ ਨੂੰ ਚਿੜਾਉਣ ਲਈ ਦੇਵੀ ਮਾਤਾ ਨੂੰ ਗਾਲ੍ਹ ਕੱਢ ਦਿੱਤੀ। ਅੱਗੋਂ ਭਾਈ ਹਕੀਕਤ ਰਾਏ ਨੇ ਗ਼ੁੱਸੇ ਵਿਚ ਬੀਬੀ ਫ਼ਾਤਮਾ ਨੂੰ ਗਾਲ੍ਹ ਕੱਢ ਦਿੱਤੀ। ਮੁਸਲਮਾਨ ਲੜਕਿਆਂ ਨੇ ਜਦੋਂ ਉਸਨੂੰ ਗਾਲ੍ਹ ਕੱਢਦੇ ਸੁਣਿਆ ਤਾਂ ਉਨ੍ਹਾਂ ਸਾਰਿਆਂ ਨੇ ਉਸ ਨੂੰ ਬਹੁਤ ਮਾਰਿਆ। ਉਹ ਰੋਂਦਾ-ਰੋਂਦਾ ਘਰ ਆ ਗਿਆ।

ਸ਼ਾਮ ਨੂੰ ਮੁਸਲਮਾਨ ਲੜਕੇ ਇਕੱਠੇ ਹੋ ਕੇ ਮੌਲਵੀ ਨੂੰ ਜਾ ਕੇ ਕਹਿਣ ਲੱਗੇ, "ਅੱਜ ਅਸੀਂ ਹਕੀਕਤ ਰਾਏ ਨੂੰ ਕਿਹਾ ਕਿ ਉਨ੍ਹਾਂ ਦੇ ਦੇਵੀ-ਦੇਵਤੇ ਮਿੱਟੀ ਦੇ ਬਣੇ ਹੋਏ ਹਨ ਤੇ ਸਭ ਝੂਠੇ ਹਨ ਤਾਂ ਉਸਨੇ ਬੀਬੀ ਫ਼ਾਤਮਾ ਨੂੰ ਝੂਠਾ ਕਿਹਾ ਤੇ ਗਾਲ੍ਹਾਂ ਕੱਢੀਆਂ।" ਮੌਲਵੀ ਨੇ ਕਿਹਾ, "ਉਸ ਕਾਫ਼ਰ ਨੇ ਬੀਬੀ ਫ਼ਾਤਮਾ ਨੂੰ ਗਾਲ੍ਹਾਂ ਕੱਢੀਆਂ ?" ਲੜਕਿਆਂ ਅੱਗੋਂ ਹੋਰ ਵਧਾ ਕੇ ਦੱਸਿਆ, "ਜਦੋਂ ਅਸੀਂ ਉਸ ਨੂੰ ਕਿਹਾ ਕਿ ਅਸੀਂ ਤੇਰੀ ਸ਼ਿਕਾਇਤ ਮੌਲਵੀ ਪਾਸ ਕਰਾਂਗੇ ਤਾਂ ਉਸ ਨੇ ਕਿਹਾ ਕਿ ਉਹ ਮੌਲਵੀ ਪਾਸੋਂ ਨਹੀਂ ਡਰਦਾ। ਉਸਦੇ ਮਾਮੇ ਤੇ ਉਸਦੇ ਸਹੁਰੇ ਸਿੱਖ ਹਨ। ਉਹ ਉਨ੍ਹਾਂ ਪਾਸੋਂ ਮੌਲਵੀ ਦਾ ਕੰਡਾ ਕਢਵਾ ਦੇਵੇਗਾ।" ਮੌਲਵੀ ਨੂੰ ਇਹ ਸੁਣ ਕੇ ਬਹੁਤ ਗ਼ੁੱਸਾ ਆਇਆ। ਉਸਨੇ ਲੜਕਿਆਂ ਨੂੰ ਕਿਹਾ, "ਉਸ ਕਾਫ਼ਰ ਨੂੰ ਮੇਰੇ ਪਾਸ ਬੁਲਾ ਕੇ ਲਿਆਉ।"

ਲੜਕਿਆਂ ਦੇ ਜਾ ਕੇ ਕਹਿਣ ਉੱਪਰ, ਭਾਈ ਹਕੀਕਤ ਰਾਏ ਤੇ ਉਸਦਾ ਪਿਤਾ ਮੌਲਵੀ ਪਾਸ ਚਲੇ ਗਏ। ਮੌਲਵੀ ਨੇ ਭਾਈ ਹਕੀਕਤ ਰਾਏ ਨੂੰ ਪਹੁੰਚਦੇ ਹੀ ਫੜ ਕੇ ਮਾਰਨਾ ਸ਼ੁਰੂ ਕਰ ਦਿੱਤਾ। ਮੌਲਵੀ ਨੇ ਹਕੀਕਤ ਰਾਏ ਨੂੰ ਮਾਰ ਮਾਰ ਕੇ ਬੇਹੋਸ਼ ਕਰ ਦਿੱਤਾ, ਪਰ ਮੌਲਵੀ ਦਾ ਗ਼ੁੱਸਾ ਠੰਢਾ ਨਾ ਹੋਇਆ। ਉਸਨੇ ਭਾਈ ਹਕੀਕਤ ਰਾਏ ਨੂੰ ਬੰਦੀ ਬਣਾ ਕੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਪਾਸ ਭੇਜ ਦਿੱਤਾ। ਅਗਲੇ ਦਿਨ ਕਾਜ਼ੀ ਨੇ ਭਾਈ ਹਕੀਕਤ ਰਾਏ ਨੂੰ ਅਦਾਲਤ ਵਿਚ ਕਿਹਾ, "ਤੂੰ ਬੀਬੀ ਫ਼ਾਤਮਾ ਨੂੰ ਗਾਲ੍ਹਾਂ ਕੱਢ ਕੇ ਮੋਮਨਾਂ ਦੇ ਦਿਲ ਦੁਖਾਏ ਹਨ, ਜਿਸ ਦੀ ਤੈਨੂੰ ਬਹੁਤ ਵੱਡੀ ਸਜ਼ਾ ਮਿਲਣੀ ਚਾਹੀਦੀ ਹੈ। ਤੈਨੂੰ ਇਸ ਗੁਨਾਹ ਦੇ ਬਦਲੇ ਤੇਲ ਪਾ ਕੇ ਜ਼ਿੰਦਾ ਸਾੜਿਆ ਜਾ ਸਕਦਾ ਹੈ। ਤੈਨੂੰ ਜ਼ਿੰਦਾ ਕੁੱਤਿਆਂ ਪਾਸੋਂ ਪੜਵਾਇਆ ਜਾ ਸਕਦਾ ਹੈ, ਪਰ ਜੇ ਤੂੰ ਮੁਸਲਮਾਨ ਬਣ ਜਾਵੇਂ ਤਾਂ ਤੇਰਾ ਗੁਨਾਹ ਮੁਆਫ਼ ਹੋ ਸਕਦਾ ਹੈ।" ਭਾਈ ਹਕੀਕਤ ਰਾਏ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ। ਅਮੀਰ ਬੇਗ ਦੇ ਹੁਕਮ ਨਾਲ ਭਾਈ ਹਕੀਕਤ ਰਾਏ ਨੂੰ ਦਰੱਖ਼ਤ ਨਾਲ ਉਲਟਾ ਲਟਕਾ ਕੇ ਕੁੱਟਿਆ ਗਿਆ, ਪਰ ਉਸਨੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ।

ਅਮੀਰ ਬੇਗ ਨੇ ਭਾਈ ਹਕੀਕਤ ਰਾਏ ਨੂੰ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਪਾਸ ਭੇਜ ਦਿੱਤਾ। ਮਾਤਾ ਗੌਰਾਂ ਨੇ ਭਾਈ ਹਕੀਕਤ ਰਾਏ ਨੂੰ ਕਿਹਾ, "ਬੇਟਾ, ਤੇਰੀ ਮੌਤ ਨਾਲ ਮੈਂ ਨਪੁੱਤੀ ਤਾਂ ਹੋ ਜਾਵਾਂਗੀ, ਪਰ ਜੇ ਤੂੰ ਧਰਮ ਤਿਆਗ ਦਿੱਤਾ ਤਾਂ ਮੈਂ ਬੇਮੁਖ ਤੇ ਅਧਰਮੀ ਪੁੱਤਰ ਦੀ ਮਾਂ ਅਖਵਾਵਾਂਗੀ। ਮੇਰੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਤੈਨੂੰ ਧਰਮ ਨਿਭਾਉਣ ਦੀ ਹਿੰਮਤ ਬਖ਼ਸ਼ੇ, ਭਾਵੇਂ ਸ਼ਹੀਦੀ ਦੇਣੀ ਪਵੇ।" ਹੋਰ ਮਾਰਨ ਉੱਪਰ ਵੀ ਭਾਈ ਹਕੀਕਤ ਰਾਏ ਨੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ ਤਾਂ ਸੂਬੇਦਾਰ ਦੇ ਹੁਕਮ ਨਾਲ ਜਨਵਰੀ 1735 ਈਸਵੀ ਨੂੰ ਭਾਈ ਹਕੀਕਤ ਰਾਏ ਨੂੰ ਸ਼ਹੀਦ ਕਰ ਦਿੱਤਾ ਗਿਆ।

Bhai Haqiqat Rai

Bhai Haqiqat Rai was born at Sialkot in 1724 A.D. His father was Bhai Bhag Mall Khatri. His maternal grandparents were Sikhs and he was married at a young age to Durgi the daughter of Sardar Kishan Singh. During Mughal rule, children used to go to mosques to study Persian from Maulvis (Muslim priests). Bhai Haqiqat Rai was also learning Persian from a maulvi. He was the only Hindu while all his other class-mates were Muslims.

One day, the maulvi had gone out. Bhai Haqiqat Rai had a quarrel with a boy. In order to tease Bhai Haqiqat Rai, he called bad names to mother goddess. In anger, Bhai Haqiqat Rai called name to Bibi Fatima in retaliation. When the Muslim boys heard him calling name, all of them gave him a sound thrashing. He returned home weeping.

In the evening, the Muslim boys got together, went to the maulvi and said, "Today, when we said to Haqiqat Rai that their gods and goddesses are made of clay and all are false, he said Bibi Fatima to be false and called her names." The maulvi said, "Did that infidel call Bibi Fatima names ?" The boys exaggerated the event and said, "When we said to him that we would complain to the maulvi, he replied that he was not afraid of him. His maternal uncles and inlaws are Sikhs. He will get the maulvi eliminated through them." The maulvi was greatly enraged on hearing this. He said to the boys, "Call that infidel and bring him to me."

At the message from the boys, Bhai Haqiqat Rai and his father went to the maulvi. As soon as they arrived, the maulvi caught hold of Bhai Haqiqat Rai and started beating him. The maulvi beat him to unconsciousness but his anger did not subside. He arrested Bhai Haqiqat Rai and sent him to Amir Beg, the administrator of Sialkot. The next day the qazi said to Bhai Haqiqat Rai in the court, "You have hurt the feelings of believers by calling names to Bibi Fatima for which you should be given severe punishment. For this sin you can be burnt alive after pouring oil on you. You can be torn apart alive from dogs. But your sin may be pardoned if you embrace Islam." Bhai Haqiqat Rai refused to become a Muslim. By order of Amir Beg, Bhai Haqiqat Rai was hanged feet up from a tree and beaten but he did not agree to embrace Islam.

Amir Beg sent Bhai Haqiqat Rai to Zakria Khan, the Governor of Lahore. Mother Goran said to Bhai Haqiqat Rai, "Son ! No doubt I shall lose a son by your death but if you give up your faith I shall be called the mother of a deserter and faithless son. I pray to God to bestow on you the will to keep your faith even if you have to sacrifice your life." When Bhai Haqiqat Rai did not agree to embrace Islam even after further torture, he was martyred by the orders of the Governor in January, 1735 A.D.

ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਦਾ ਜਨਮ 10 ਮਾਰਚ, 1644 ਈਸਵੀ ਨੂੰ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫ਼ਰਗੜ੍ਹ ਵਿਚ ਹੋਇਆ। ਉਹ ਆਪਣੇ ਪਿਤਾ ਮਾਈ ਦਾਸ ਨਾਲ ਪਹਿਲੀ ਵਾਰ ਗੁਰੂ ਹਰਿ ਰਾਇ ਜੀ ਦੇ ਦਰਸ਼ਨਾਂ ਲਈ ਕੀਰਤਪੁਰ ਆਏ ਤੇ ਗੁਰੂ-ਘਰ ਦੀ ਸੇਵਾ ਕਰਨ ਲਈ ਰਹਿ ਪਏ। ਪੰਦਰਾਂ ਸਾਲਾਂ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਭਾਈ ਲੱਖੀ ਰਾਏ ਦੀ ਪੁਤਰੀ ਸੀਤੋ ਨਾਲ ਕਰ ਦਿੱਤੀ ਗਈ। 1690 ਈਸਵੀ ਦੀ ਨਦੌਣ ਦੀ ਜੰਗ ਪਿੱਛੋਂ, ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਦੀਵਾਨ ਦੀ ਸੇਵਾ ਸੌਂਪ ਦਿੱਤੀ। 20-21 ਦਸੰਬਰ, 1704 ਈਸਵੀ ਦੀ ਰਾਤ ਨੂੰ ਅਨੰਦਪੁਰ ਛੱਡਣ ਸਮੇਂ, ਗੁਰੂ ਜੀ ਨੇ ਉਨ੍ਹਾਂ ਨੂੰ ਗੁਰੂ ਦੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਦੀ ਸੇਵਾ ਸੌਂਪੀ। ਮਈ 1705 ਈਸਵੀ ਵਿਚ ਗੁਰੂ ਜੀ ਦੇ ਬੁਲਾਵੇ ਉੱਪਰ ਉਹ ਸਾਬੋ ਕੀ ਤਲਵੰਡੀ ਪੁੱਜੇ, ਜਿੱਥੇ ਗੁਰੂ ਜੀ ਨੇ ਉਨ੍ਹਾਂ ਪਾਸੋਂ ਆਦਿ ਬੀੜ ਲਿਖਵਾਈ ਤੇ ਹੋਰ ਉਤਾਰੇ ਕਰਵਾਏ। 1708 ਈਸਵੀ ਵਿਚ ਮਾਤਾ ਸੁੰਦਰ ਕੌਰ ਨੇ ਉਨ੍ਹਾਂ ਨੂੰ ਦਿੱਲੀ ਤੋਂ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਲਈ ਅੰਮ੍ਰਿਤਸਰ ਭੇਜ ਦਿੱਤਾ।

1735 ਈਸਵੀ ਵਿਚ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਪਿੰਡਾਂ ਦੇ ਚੌਧਰੀਆਂ ਤੇ ਜਾਗੀਰਦਾਰਾਂ ਨੂੰ ਆਪਣੇ ਆਪਣੇ ਇਲਾਕੇ ਦੇ ਸਿੱਖਾਂ ਨੂੰ ਖ਼ਤਮ ਕਰਨ ਦੇ ਹੁਕਮ ਕਰ ਦਿੱਤੇ। ਉਸਨੇ ਸਿੱਖਾਂ ਦੇ ਵੈਰੀ ਦੀਵਾਨ ਲਖਪਤ ਰਾਏ ਨੂੰ 1736 ਈਸਵੀ ਵਿਚ ਅੰਮ੍ਰਿਤਸਰ ਦਾ ਹਾਕਮ ਤੇ ਕਾਜ਼ੀ ਅਬਦੁਲ ਰਜ਼ਾਕ ਨੂੰ ਕੋਤਵਾਲ ਬਣਾ ਦਿੱਤਾ। ਇੱਕ ਦਿਨ ਸੂਬੇਦਾਰ ਨੇ ਉਨ੍ਹਾਂ ਨੂੰ ਪੁੱਛਿਆ, "ਜਿੰਨੇ ਸਿੱਖ ਅਸੀਂ ਮਾਰਦੇ ਹਾਂ, ਉਸ ਨਾਲੋਂ ਵੱਧ ਪੈਦਾ ਹੋ ਜਾਂਦੇ ਹਨ। ਇਸਦਾ ਕੀ ਕਾਰਨ ਹੈ ?" ਕਾਜ਼ੀ ਨੇ ਉੱਤਰ ਦਿੱਤਾ, "ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਉਨ੍ਹਾਂ ਦੇ ਗੁਰੂ ਨੇ ਆਬਿ-ਹਯਾਤ ਪਾਇਆ ਸੀ। ਜਿਹੜਾ ਵੀ ਉਸ ਸਰੋਵਰ ਵਿਚ ਇਸ਼ਨਾਨ ਕਰ ਲੈਂਦਾ ਹੈ ਜਾਂ ਪਾਣੀ ਪੀ ਲੈਂਦਾ ਹੈ, ਉਹ ਅਮਰ ਹੋ ਜਾਂਦਾ ਹੈ।" ਇਹ ਸੁਣ ਕੇ ਸੂਬੇਦਾਰ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਪੂਰਨ ਦਾ ਹੁਕਮ ਕਰ ਦਿੱਤਾ ਤੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਤੋਂ ਕੱਢ ਦਿੱਤਾ।


ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਤੋਂ ਕੱਢੇ ਜਾਣ ਪਿੱਛੋਂ ਸੁਲਤਾਨਵਿੰਡੀਆਂ ਦੇ ਖੂਹ ਉੱਪਰ ਜਾ ਕੇ ਰਹਿਣ ਲੱਗੇ। ਇੱਕ ਸ਼ਾਮ ਕਾਜ਼ੀ ਅਬਦੁਲ ਰਜ਼ਾਕ, ਭਾਈ ਮਨੀ ਸਿੰਘ ਪਾਸ ਜਾ ਕੇ ਕਹਿਣ ਲੱਗਾ, "ਬੱਚੇ ਬਹੁਤ ਬੀਮਾਰ ਹਨ। ਹਕੀਮਾਂ ਤੇ ਵੈਦਾਂ ਦੀਆਂ ਦਵਾਈਆਂ ਕੰਮ ਨਹੀਂ ਕਰਦੀਆਂ। ਬੱਚੇ ਰਾਤ ਨੂੰ ਡਰ-ਡਰ ਕੇ ਉਠਦੇ ਹਨ।" ਭਾਈ ਮਨੀ ਸਿੰਘ ਉਸਦੇ ਨਾਲ ਉਸਦੇ ਘਰ ਚਲੇ ਗਏ ਤੇ ਉਨ੍ਹਾਂ ਬੱਚਿਆਂ ਉੱਪਰ ਹਰਿਮੰਦਰ ਸਾਹਿਬ ਦੇ ਜਲ ਦੇ ਛਿੱਟੇ ਮਾਰ ਕੇ ਉਨ੍ਹਾਂ ਨੂੰ ਕਿਹਾ, "ਤੁਸੀਂ ਰਾਤ ਨੂੰ ਡਰਨਾ ਨਹੀਂ।" ਕਰਨੀ ਮਾਲਕ ਦੀ, ਬੱਚੇ ਰਾਤ ਨੂੰ ਡਰਨ ਤੋਂ ਹਟ ਗਏ। ਕਾਜ਼ੀ ਅਬਦੁਲ ਰਜ਼ਾਕ ਨੇ ਹਰਿਮੰਦਰ ਸਾਹਿਬ ਦਾ ਸਰੋਵਰ ਪੂਰਨਾ ਬੰਦ ਕਰਵਾ ਦਿੱਤਾ।

ਭਾਈ ਮਨੀ ਸਿੰਘ ਨੇ ਕਾਜ਼ੀ ਦੀ ਮਦਦ ਨਾਲ ਪੰਜ ਹਜ਼ਾਰ ਰੁਪੈ ਟੈਕਸ ਦੇਣਾ ਕਰ ਕੇ ਸੂਬੇਦਾਰ ਪਾਸੋਂ 1737 ਈਸਵੀ ਦੀ ਦੀਵਾਲੀ ਉੱਪਰ ਦਸ ਦਿਨ ਲਈ ਹਰਿਮੰਦਰ ਸਾਹਿਬ ਦੇ ਖੁਲ੍ਹੇ ਦਰਸ਼ਨ ਕਰਨ ਦੀ ਇਜਾਜ਼ਤ ਲੈ ਕੇ ਸਿੱਖਾਂ ਨੂੰ ਚਿੱਠੀਆਂ ਲਿਖ ਦਿੱਤੀਆਂ। ਸੂਬੇਦਾਰ ਨੇ ਦੀਵਾਨ ਲਖਪਤ ਰਾਏ ਨਾਲ ਮਿਲ ਕੇ, ਦਰਸ਼ਨਾਂ ਲਈ ਆਉਣ ਵਾਲੇ ਸਿੱਖਾਂ ਨੂੰ ਫ਼ੌਜ ਭੇਜ ਕੇ ਮਾਰਨ ਦੀ ਸਕੀਮ ਬਣਾ ਲਈ। ਭਾਈ ਮਨੀ ਸਿੰਘ ਨੂੰ ਸੂਬੇਦਾਰ ਦੀ ਬੇਈਮਾਨੀ ਦਾ ਸਮੇਂ ਸਿਰ ਪਤਾ ਚਲ ਗਿਆ। ਉਨ੍ਹਾਂ ਨੇ ਸਿੱਖਾਂ ਨੂੰ ਨਾ ਆਉਣ ਦੇ ਸੁਨੇਹੇ ਭੇਜ ਦਿੱਤੇ ਤੇ ਮੇਲਾ ਨਾ ਲੱਗਿਆ।

ਸੂਬੇਦਾਰ ਨੇ ਭਾਈ ਮਨੀ ਸਿੰਘ ਨੂੰ ਲਾਹੌਰ ਬੁਲਾ ਕੇ ਟੈਕਸ ਦੇ ਪੈਸੇ ਮੰਗੇ। ਭਾਈ ਮਨੀ ਸਿੰਘ ਨੇ ਕਿਹਾ, "ਜਦੋਂ ਮੇਲਾ ਹੀ ਨਹੀਂ ਲੱਗਿਆ ਤਾਂ ਪੈਸੇ ਕਿਸ ਚੀਜ਼ ਦੇ ?" ਉਸ ਪਿੱਛੋਂ ਸੂਬੇਦਾਰ ਨੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਕਿਹਾ। ਉਨ੍ਹਾਂ ਨੇ ਜਵਾਬ ਦੇ ਦਿੱਤਾ। ਕਾਜ਼ੀ ਅਬਦੁਲ ਰਜ਼ਾਕ ਨੇ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਕਤਲ ਕੀਤੇ ਜਾਣ ਦੀ ਸਜ਼ਾ ਸੁਣਾ ਦਿੱਤੀ। 14 ਜੂਨ, 1738 ਈਸਵੀ ਨੂੰ ਉਨ੍ਹਾਂ ਨੂੰ ਨਖਾਸ ਚੌਕ ਵਿਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਭਾਈ ਮਨੀ ਸਿੰਘ

Bhai Mani Singh



Bhai Mani Singh

Bhai Mani Singh was born on the 10th March, 1644 A.D., at village Alipur, district Muzaffargarh. He came for a glimpse of Guru Har Rai to Kiratpur with his father Mai Dass for the first time and stayed back for service of the Guru's institution. He was married at fifteen to Bibi Sito, the daughter of Bhai Lakhi Rai. After the battle of Nadaun of 1690 A.D., Guru Gobind Singh entrusted him with the service of Diwan. At the time of leaving Anandpur on the night of December 20-21, 1704 A.D., the Guru entrusted him to take the Guru's consorts to Delhi. In May, 1705 A.D., at the call of the Guru he reached Talwandi Sabo where the Guru got him to write the original manuscript of the Holy Granth and prepare some copies. In 1708 A.D., Mother Sunder Kaur sent him from Delhi to Amritsar for service of the Harmandir Sahib.

In 1735 A.D., Zakria Khan, the Governor of Lahore, ordered village headmen and landlords to finish Sikhs of their areas. He also appointed Diwan Lakhpat Rai, an enemy of the Sikhs, the administrator of Amritsar and Qazi Abdul Razak as the police chief. One day the Governor asked them, "What is the reason that no matter what the number of Sikhs we kill more are created ?" The Qazi replied, "Their Guru had put the elixir of life in the pool at Harmandir Sahib. Whosoever bathes in that pool, gains eternal life." Hearing this, the Governor ordered the filling up of the pool with sand and turned Bhai Mani Singh out from the service of Harmandir Sahib.

Having been turned out from Harmandir Sahib, Bhai Mani Singh took up residence at the Sultan Windian's well. One evening Qazi Abdul Razak came to Bhai Mani Singh and said, "My children are very ill. Medicines of local physicians and doctors are having no effect. Children wake up with nightmares." Bhai Mani Singh went with him to his house. He sprinkled water from the pool of Harmandir Sahib over the children and said to them, "Be not afraid during the night." As the Lord would have it, the children stopped having nightmares. Qazi Abdul Razak stopped silting up the pool.

With the help of the Qazi, Bhai Mani Singh got permission from the Governor to allow Sikhs to have free access to Harmandir Sahib for ten days on the occasion of Diwali of 1737 A.D., on the condition to pay tax of Rupees five thousand and so he wrote letters to invite the Sikhs. The Governor and Diwan Lakhpat Rai secretly planned to kill the Sikhs coming for the pilgrimage. Bhai Mani Singh came to know of their plan in time. He sent messages to Sikhs not to come and so no fair was held.

The Governor called Bhai Mani Singh to Lahore and demanded the tax money. Bhai Mani Singh said, "What for should I pay the money when the fair was not held ?" Then the Governor asked Bhai Mani Singh to embrace Islam. He refused. Qazi Abdul Razak ordered that Bhai Mani Singh be cut joint by joint. On the 14th June, 1738 A.D., he was martyred at Nakhaas Chowk by cutting him joint by joint.

ਭਾਈ ਮਹਿਤਾਬ ਸਿੰਘ

Bhai Mehtab Singh



ਭਾਈ ਮਹਿਤਾਬ ਸਿੰਘ

ਅਕਤੂਬਰ 1738 ਈਸਵੀ ਵਿਚ ਕਾਜ਼ੀ ਅਬਦੁਲ ਰਜ਼ਾਕ ਦੇ ਸਿੱਖਾਂ ਪਾਸੋਂ ਮਾਰੇ ਜਾਣ ਮਗਰੋਂ, ਸੂਬੇਦਾਰ ਨੇ ਮੱਸੇ ਰੰਘੜ ਨੂੰ ਅੰਮ੍ਰਿਤਸਰ ਦਾ ਕੋਤਵਾਲ ਬਣਾ ਦਿੱਤਾ। ਉਸਨੇ ਹਰਿਮੰਦਰ ਸਾਹਿਬ ਨੂੰ ਇੱਕ ਨਾਚ-ਘਰ ਵਿਚ ਬਦਲ ਲਿਆ ਤੇ ਆਪਣੀ ਮਹਿਫ਼ਲ ਉੱਥੇ ਲਗਾਉਣ ਲੱਗਾ। ਉਸਨੇ ਅੰਮ੍ਰਿਤਸਰ ਦੇ ਸਿੱਖ ਲੱਭ-ਲੱਭ ਕੇ ਮਾਰੇ। ਉਸ ਪਿੱਛੋਂ ਉਹ ਹਿੰਦੂਆਂ ਨੂੰ ਸਿੱਖਾਂ ਦੇ ਹਮਦਰਦੀ ਕਹਿ ਕੇ ਲੁੱਟਣ ਤੇ ਤੰਗ ਕਰਨ ਲੱਗਿਆ। ਤੇਜ ਰਾਮ ਦਾ ਘਰ ਉਸਦੇ ਹੁਕਮ ਨਾਲ ਲੁੱਟਿਆ ਗਿਆ। ਉਸਨੇ ਬੀਕਾਨੇਰ ਜਾ ਕੇ ਇੱਕ ਸਿੱਖਾਂ ਦੇ ਜਥੇ ਨੂੰ ਆਪਣੀ ਹਾਲਤ ਤੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਬਾਰੇ ਦੱਸਿਆ। ਉਸ ਜਥੇ ਦੇ ਜਥੇਦਾਰ ਨੇ ਦੀਵਾਨ ਵਿਚ ਕਿਹਾ, "ਹੈ ਕੋਈ ਸਿੰਘ, ਜਿਹੜਾ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਆਵੇ ?" ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਉਸ ਸੇਵਾ ਲਈ ਆਪਣੇ ਆਪ ਨੂੰ ਹਾਜ਼ਰ ਕੀਤਾ। ਗੁਰੂ ਅੱਗੇ ਅਰਦਾਸ ਕਰਨ ਪਿੱਛੋਂ ਉਹ ਦੋਵੇਂ ਅੰਮ੍ਰਿਤਸਰ ਨੂੰ ਚਲ ਪਏ। ਸ਼ਾਮ ਨੂੰ ਉਹ ਦਮਦਮਾ ਸਾਹਿਬ ਪੁੱਜ ਗਏ।

ਦੂਜੀ ਸਵੇਰ, ਉਨ੍ਹਾਂ ਦਮਦਮਾ ਸਾਹਿਬ ਤੋਂ ਚੱਲਣ ਲੱਗਿਆਂ, ਪੱਟੀ ਦੇ ਮੁਸਲਮਾਨਾਂ ਵਾਲਾ ਭੇਸ ਧਾਰ ਲਿਆ ਤੇ ਠੀਕਰੀਆਂ ਦੀਆਂ ਬੋਰੀਆਂ ਘੋੜਿਆਂ ਦੀਆਂ ਪਿੱਠਾਂ 'ਤੇ ਲੱਦ ਲਈਆਂ। ਅੰਮ੍ਰਿਤਸਰ ਦੇ ਨੇੜੇ ਪੁੱਜ ਕੇ ਉਨ੍ਹਾਂ ਨੇ ਘੋੜਿਆਂ ਨੂੰ ਪਾਣੀ ਪਿਲਾਇਆ ਤੇ ਆਪ ਹੱਥ ਮੂੰਹ ਧੋਤੇ। ਹਰਿਮੰਦਰ ਸਾਹਿਬ ਪੁੱਜ ਕੇ ਉਨ੍ਹਾਂ ਨੇ ਘੋੜੇ ਬੇਰੀ ਨਾਲ ਬੰਨ੍ਹ ਦਿੱਤੇ ਤੇ ਬੋਰੀਆਂ ਮੋਢਿਆਂ ਉੱਪਰ ਰਖ ਕੇ ਹਰਿਮੰਦਰ ਸਾਹਿਬ ਦੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਨੇ ਦੇਖਿਆ ਕਿ ਮੱਸਾ ਰੰਘੜ ਇੱਕ ਪਲੰਘ ਉੱਪਰ ਬੈਠਾ ਹੁੱਕਾ ਪੀ ਰਿਹਾ ਸੀ, ਕੰਜਰੀਆਂ ਦਾ ਨਾਚ ਹੋ ਰਿਹਾ ਸੀ ਤੇ ਦੋਸਤਾਂ ਵਿਚ ਸ਼ਰਾਬ ਦਾ ਦੌਰ ਚਲ ਰਿਹਾ ਸੀ। ਉਨ੍ਹਾਂ ਨੇ ਬੋਰੀਆਂ ਮੱਸੇ ਰੰਘੜ ਦੇ ਪਲੰਘ ਥੱਲੇ ਰਖ ਕੇ ਕਿਹਾ, "ਅਸੀਂ ਮਾਮਲਾ ਤਾਰਨ ਆਏ ਹਾਂ।" ਮੱਸਾ ਰੰਘੜ ਪਲੰਘ ਉੱਪਰ ਬੈਠੇ ਹੀ ਬੋਰੀਆਂ ਟੋਹ ਕੇ ਦੇਖਣ ਲਈ ਝੁਕਿਆ ਤਾਂ ਇੱਕ ਸਿੰਘ ਨੇ ਫੁਰਤੀ ਨਾਲ ਉਸਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਤੇ ਠੀਕਰੀਆਂ ਵਾਲੀ ਬੋਰੀ ਖ਼ਾਲੀ ਕਰ ਕੇ ਉਸ ਵਿਚ ਸਿਰ ਪਾ ਲਿਆ। ਦੂਜੇ ਸਿੰਘ ਨੇ ਮੱਸੇ ਰੰਘੜ ਦੀ ਜੁੰਡਲੀ ਖ਼ਤਮ ਕਰ ਦਿੱਤੀ। ਸਿੰਘ ਆਪਣਾ ਕੰਮ ਬੜੀ ਫ਼ੁਰਤੀ ਨਾਲ ਖ਼ਤਮ ਕਰ ਕੇ, ਘੋੜਿਆਂ ਉੱਪਰ ਅਸਵਾਰ ਹੋ ਕੇ ਅੱਖ ਦੇ ਫੋਰੇ ਵਿਚ ਅਲੋਪ ਹੋ ਗਏ। ਮੱਸੇ ਰੰਘੜ ਦਾ ਸਿਰ ਲੈ ਕੇ ਦੋਵੇਂ ਸਿੰਘ ਸ਼ਾਮ ਹੋਣ ਤਕ ਦਮਦਮੇ ਸਾਹਿਬ ਪੁੱਜ ਗਏ। ਦੂਜੇ ਦਿਨ ਉਨ੍ਹਾਂ ਨੇ ਮੱਸੇ ਰੰਘੜ ਦਾ ਸਿਰ ਨੇਜ਼ੇ ਉੱਪਰ ਟੰਗ ਕੇ ਬੁੱਢਾ ਜੌਹੜ ਆਪਣੇ ਜਥੇਦਾਰ ਨੂੰ ਜਾ ਕੇ ਪੇਸ਼ ਕਰ ਦਿੱਤਾ।

ਸਰਕਾਰ ਦੇ ਸੂਹੀਏ ਆਕਲ ਦਾਸ ਜੰਡਿਆਲੀਏ ਨੇ ਸੂਬੇਦਾਰ ਨੂੰ ਜਾ ਕੇ ਦੱਸਿਆ, "ਮੱਸੇ ਰੰਘੜ ਦਾ ਸਿਰ ਲੈ ਕੇ ਜਾਣ ਵਾਲੇ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਹਨ, ਜਿਹੜੇ ਬੀਕਾਨੇਰ ਵਿਚ ਰਹਿੰਦੇ ਹਨ। ਸੁੱਖਾ ਸਿੰਘ ਦਾ ਵਿਆਹ ਨਹੀਂ ਹੋਇਆ। ਮਹਿਤਾਬ ਸਿੰਘ ਦਾ ਸੱਤ ਸਾਲ ਦਾ ਲੜਕਾ ਰਾਏ ਸਿੰਘ ਤੇ ਉਸਦੀ ਪਤਨੀ ਮੀਰਾਂਕੋਟ ਰਹਿੰਦੇ ਹਨ, ਜਿਨ੍ਹਾਂ ਨੂੰ ਮਹਿਤਾਬ ਸਿੰਘ ਜਾਣ ਲੱਗਿਆਂ ਪਿੰਡ ਦੇ ਚੌਧਰੀ, ਨੱਥੇ ਖਹਿਰੇ ਨੂੰ ਸੌਂਪ ਗਿਆ ਸੀ।" ਸੂਬੇਦਾਰ ਨੇ ਇਹ ਸੁਣ ਕੇ ਨੂਰਦੀਨ ਫ਼ੌਜਦਾਰ ਨੂੰ ਕਿਹਾ, "ਤੂੰ ਮੀਰਾਂਕੋਟ ਹੁਣੇ ਫ਼ੌਜ ਲੈ ਕੇ ਜਾ। ਮਹਿਤਾਬ ਸਿੰਘ ਨੂੰ ਪਕੜ ਕੇ ਲੈ ਆ। ਜੇ ਉਹ ਨਾ ਮਿਲੇ ਤਾਂ ਉਸਦੇ ਪੁੱਤਰ ਨੂੰ ਲੈ ਆਵੀਂ।" ਫ਼ੌਜਦਾਰ ਦੇ ਕਹਿਣ ਉੱਪਰ ਨੱਥੇ ਖਹਿਰੇ ਨੇ ਸਰਦਾਰ ਮਹਿਤਾਬ ਸਿੰਘ ਦੇ ਪੁੱਤਰ ਨੂੰ ਉਸਦੇ ਹਵਾਲੇ ਨਾ ਕੀਤਾ। ਇੱਕ ਦੋਸਤ ਦੇ ਪੁੱਤਰ ਦੀ ਖ਼ਾਤਰ ਦੋ ਹੱਥ ਕਰਨਾ ਠੀਕ ਸਮਝਿਆ। ਉਸ ਮੁਠ-ਭੇੜ ਵਿਚ ਰਾਏ ਸਿੰਘ ਕਾਫ਼ੀ ਜ਼ਖ਼ਮੀ ਹੋ ਗਿਆ ਸੀ ਪਰ ਬਚ ਗਿਆ। ਨੱਥਾ ਖਹਿਰਾ ਤੇ ਉਸਦਾ ਪੁੱਤਰ ਸ਼ਹੀਦੀ ਪ੍ਰਾਪਤ ਕਰ ਗਏ। ਰਾਏ ਸਿੰਘ ਦੇ ਪੁੱਤਰ ਭਾਈ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਲਿਖਿਆ। 1745 ਈਸਵੀ ਵਿਚ ਇੱਕ ਦਿਨ ਭਾਈ ਮਹਿਤਾਬ ਸਿੰਘ ਮੀਰਾਂਕੋਟ ਆਇਆ ਤਾਂ ਆਕਲ ਦਾਸ ਜੰਡਿਆਲੀਏ ਨੇ ਉਸਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਲਾਹੌਰ ਦੇ ਸੂਬੇਦਾਰ ਨੇ ਜੂਨ 1745 ਈਸਵੀ ਵਿਚ ਉਸਨੂੰ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ।

Bhai Mehtab Singh

In October, 1738 A.D., Qazi Abdul Razak was killed in an encounter with Singhs. After him the Governor of Lahore appointed Massa Ranghar as the new Police Chief of Amritsar. Massa Ranghar turned Harmandir Sahib into a dance hall and started holding his parties there. By his order all the Sikhs of Amritsar were hounded and killed. After this he began looting and harassing Hindus, accusing them to be sympathetic with the Sikhs. The house of Tej Ram was looted on his orders. He went to Bikaner and told a Sikh squad, his tale of woe and the plight of Harmandir Sahib. The leader of that squad said in the congregation, "Is there a Singh who will cut and bring Massa Ranghar's head here ?" Bhai Sukha Singh and Bhai Mehtab Singh came forward for this service. After prayer to the Guru, they set out for Amritsar. They reached Damdama Sahib by evening.

On the next morning before starting from Damdama Sahib, they disguised themselves as Muslims of Patti and filled two sacks with the pieces of broken earthenwares and loaded them on the backs of their horses. Entering Harmandir Sahib, they tethered their horses to the berry tree and went inside with the sacks on their shoulders. They saw that Massa Ranghar was sitting on a bed smoking hubble bubble, prostitutes were dancing and wine was flowing freely. They placed the sacks under the bed and said, "We have come to pay the revenue." When Massa Ranghar bent to feel the sacks, one Singh cut his head in a flash and put in a sack after emptying it of the potsherds. The other Singh made short work of the company of Massa Ranghar. Having finished their work with the speed of lightning, the Singhs mounted their horses and were out of sight in no time. By evening both the Singhs reached Damdama Sahib. The next day they presented Massa Ranghar's head on a spear to their leader at Budha Johar.

Aqil Dass Jandialia, the government informer told the Governor, "Sukha Singh and Mehtab Singh are the persons who have taken away Massa Ranghar's head. They are living in Bikaner. Sukha Singh is not married. Mehtab Singh's wife and his seven years old son, Rai Singh are living at Mirankot whom he has left in the care of Natha Khehra, the headman of the village before going." Hearing this, the Governor said to the Commander Nur Din, "Take your army to Mirankot immediately and bring Mehtab Singh here. If he is not there, bring his son with you." At the demand of the Commander, Natha Khehra did not hand over Rai Singh to him but preferred to fight to save his friend's son. During the skirmish, Rai Singh was badly wounded but recovered. Natha Khehra and his son attained martyrdom. Later on Rai Singh's son Bhai Rattan Singh wrote Panth Parkash. When in 1745 A.D., Bhai Mehtab Singh came to Mirankot, Aqil Dass Jandialia had him arrested. With the orders of the Governor of Lahore, he was tortured and martyred in June, 1745 A.D.

ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ


1738 ਈਸਵੀ ਵਿਚ ਕਾਜ਼ੀ ਅਬਦੁਲ ਰਜ਼ਾਕ ਅਤੇ ਮੁਫ਼ਤੀ ਅਬਦੁਲ ਰਹਿਮਾਨ ਦਾ ਸਿੰਘਾਂ ਵੱਲੋਂ ਕਤਲ ਕੀਤੇ ਜਾਣ ਪਿੱਛੋਂ, ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਅਬਦੁਲ ਸਮਦ ਖ਼ਾਨ ਯੂਸਫ਼ੀ ਨੂੰ ਗਸ਼ਤੀ ਫ਼ੌਜ ਦੇ ਦਿੱਤੀ। ਉਸ ਗਸ਼ਤੀ ਫ਼ੌਜ ਨੂੰ ਜਿੱਥੇ ਵੀ ਕੋਈ ਸਿੰਘ ਮਿਲਦਾ, ਉਹ ਉਸਨੂੰ ਉਸ ਥਾਂ ਹੀ ਮਾਰ ਦਿੰਦੀ। ਇੱਕ ਦਿਨ ਅਬਦੁਲ ਸਮਦ ਖ਼ਾਨ ਯੂਸਫ਼ੀ, ਨਵਾਬ ਕਪੂਰ ਸਿੰਘ ਦੇ ਹੱਥ ਆ ਗਿਆ। ਉਨ੍ਹਾਂ ਨੇ ਉਸਨੂੰ ਘੋੜੇ ਦੇ ਮਗਰ ਉਲਟਾ ਬੰਨ੍ਹ ਕੇ ਘੋੜੇ ਨੂੰ ਖ਼ੂਬ ਦੁੜਾਇਆ, ਜਿਸ ਨਾਲ ਉਸਦੀ ਮੌਤ ਹੋ ਗਈ। ਉਸ ਪਿੱਛੋਂ ਸੂਬੇਦਾਰ ਨੇ ਸਿੰਘਾਂ ਦੇ ਸਿਰ ਲੈ ਕੇ ਆਉਣ ਵਾਲਿਆਂ ਨੂੰ ਇਨਾਮ ਦੇਣੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਸਿੰਘ ਲਾਹੌਰ ਛੱਡ ਕੇ ਦੂਜਿਆਂ ਸੂਬਿਆਂ ਵਿਚ ਚਲੇ ਗਏ। ਜਿਹੜਾ ਸਿੰਘ ਲਾਹੌਰ ਦੇ ਸੂਬੇ ਵਿਚ ਰਹਿ ਗਿਆ, ਉਹ ਝਾੜਾਂ ਵਿਚ ਲੁਕ-ਛਿਪ ਕੇ ਦਿਨ ਕਟਦਾ। ਉਨ੍ਹਾਂ ਵਿੱਚੋਂ ਭਾਈ ਬੋਤਾ ਸਿੰਘ ਸੰਧੂ, ਪਿੰਡ ਭੜਾਣਾ ਤੇ ਭਾਈ ਗਰਜਾ ਸਿੰਘ ਮਜ਼੍ਹਬੀ, ਉਸਦਾ ਸਾਥੀ, ਤਰਨ ਤਾਰਨ ਦੇ ਇਲਾਕੇ ਵਿਚ ਲੁਕ-ਛਿਪ ਕੇ ਦਿਨ ਕਟ ਰਹੇ ਸਨ।

ਇੱਕ ਦਿਨ ਉਹ ਦੋਵੇਂ ਸੜਕ ਦੇ ਨੇੜੇ ਝਾੜਾਂ ਵਿਚ ਲੁਕੇ ਬੈਠੇ ਸਨ, ਜਦੋਂ ਉਨ੍ਹਾਂ ਨੂੰ ਦੋ ਸਿਪਾਹੀਆਂ ਦੇ ਗੱਲਾਂ ਕਰਨ ਦੀ ਅਵਾਜ਼ ਸੁਣਾਈ ਦਿੱਤੀ। ਇੱਕ, ਦੂਜੇ ਨੂੰ ਕਹਿ ਰਿਹਾ ਸੀ, "ਹੁਣ ਤਾਂ ਸਿੰਘ ਮੌਤ ਤੋਂ ਡਰਦੇ ਝਾੜੀਆਂ ਵਿਚ ਲੁਕ ਕੇ ਗੁਜ਼ਾਰਾ ਕਰਦੇ ਹਨ।" ਸ਼ਾਇਦ ਉਨ੍ਹਾਂ ਨੇ ਸਿੰਘਾਂ ਨੂੰ ਬੈਠੇ ਦੇਖ ਲਿਆ ਸੀ। ਦੂਜੇ ਨੇ ਉੱਤਰ ਦਿੱਤਾ, "ਉਹ ਸਿੰਘ ਨਹੀਂ ਹੋ ਸਕਦਾ, ਜਿਹੜਾ ਗਿੱਦੜਾਂ ਵਾਂਗ ਝਾੜਾਂ ਵਿਚ ਲੁਕ ਕੇ ਦਿਨ ਕਟਦਾ ਹੋਵੇ।" ਸਿੰਘਾਂ ਪਾਸੋਂ ਇਹ ਬੇਇਜ਼ਤੀ ਸਹਾਰੀ ਨਾ ਗਈ। ਉਨ੍ਹਾਂ ਨੇ ਝਾੜਾਂ ਵਿੱਚੋਂ ਨਿਕਲ ਕੇ ਦੋਵੇਂ ਸਿਪਾਹੀ ਮਾਰ ਦਿੱਤੇ। ਉਸ ਪਿੱਛੋਂ ਉਹ ਦੋਵੇਂ ਸਿੰਘ ਤਰਨ ਤਾਰਨ ਤੋਂ ਲਾਹੌਰ ਜਾਣ ਵਾਲੀ ਸੜਕ 'ਤੇ, ਨੂਰਦੀਨ ਦੀ ਸਰਾਂਅ ਦੇ ਨੇੜੇ ਇੱਕ ਪੁਲ ਉੱਪਰ ਬੈਠ ਗਏ। ਉਨ੍ਹਾਂ ਨੇ ਗੱਡੇ ਵਾਲੇ ਕੋਲੋਂ ਇਕ ਆਨਾ ਤੇ ਗਧੇ ਵਾਲੇ ਪਾਸੋਂ ਇੱਕ ਪੈਸਾ ਪੁਲ ਲੰਘਣ ਦਾ ਟੋਲ ਟੈਕਸ ਲੈਣਾ ਸ਼ੁਰੂ ਕਰ ਦਿੱਤਾ। ਹਰ ਪੁਲ ਲੰਘਣ ਵਾਲਾ ਬਿਨਾ ਕਿਸੇ ਝਗੜੇ ਤੋਂ ਟੋਲ ਟੈਕਸ ਦੇ ਕੇ ਲੰਘ ਜਾਂਦਾ। ਉਨ੍ਹਾਂ ਸਿੰਘਾਂ ਨੂੰ ਪੁਲ ਉੱਪਰ ਸਿੱਖ ਰਾਜ ਕਾਇਮ ਕੀਤੇ ਨੂੰ ਜਦੋਂ ਕਾਫ਼ੀ ਸਮਾਂ ਹੋ ਗਿਆ ਤਾਂ ਉਨ੍ਹਾਂ ਨੇ ਸੂਬੇਦਾਰ ਨੂੰ ਲਿਖ ਕੇ ਭੇਜਿਆ, "ਚਿੱਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ। ਆਨਾ ਲਾਇਆ ਗੱਡੇ ਨੂੰ, ਪੈਸਾ ਲਾਇਆ ਖੋਤਾ। ਆਖੋ ਭਾਬੀ ਖਾਨੋ ਨੂੰ, ਜੋ ਆਖੇ ਸਿੰਘ ਬੋਤਾ।"

ਸੂਬੇਦਾਰ ਨੇ ਚਿੱਠੀ ਮਿਲਣ ਉੱਪਰ, ਜਲਾਲ ਦੀਨ ਨੂੰ ਇਕ ਸੌ ਸਵਾਰ ਦੇ ਕੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ, ਨਾਲ ਲੈ ਕੇ ਆਉਣ ਦਾ ਹੁਕਮ ਕਰ ਦਿੱਤਾ। ਜਲਾਲ ਦੀਨ ਨੇ ਪੁਲ ਉੱਪਰ ਪੁੱਜ ਕੇ ਸਿੰਘਾਂ ਨੂੰ ਕਿਹਾ, "ਤੁਸੀਂ ਦੋ ਹੋ ਤੇ ਮੇਰੇ ਨਾਲ ਇੱਕ ਸੌ ਸਿਪਾਹੀ ਹਨ। ਤੁਸਾਂ ਦੇ ਪਾਸ ਸੋਟੇ ਹਨ ਤੇ ਸਾਡੇ ਪਾਸ ਤਲਵਾਰਾਂ ਹਨ। ਤੁਸੀਂ ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਇਸ ਲਈ ਚੰਗਾ ਹੈ ਤੁਸੀਂ ਗ੍ਰਿਫ਼ਤਾਰੀ ਦੇ ਦੇਵੋ।" ਸਿੰਘਾਂ ਨੇ ਉੱਤਰ ਦਿੱਤਾ, "ਤੂੰ ਆਪਣੇ ਚਾਰ ਸਿਪਾਹੀ ਚੁਣ ਕੇ ਸਾਡੇ ਮੁਕਾਬਲੇ ਲਈ ਭੇਜ ਦੇ। ਫਿਰ ਸਾਡੇ ਹੱਥ ਵੇਖੀਂ।" ਸਿੰਘਾਂ ਦੀ ਲਲਕਾਰ ਸੁਣ ਕੇ ਫ਼ੌਜਦਾਰ ਨੇ ਚਾਰ ਸਿਪਾਹੀ ਭੇਜ ਦਿੱਤੇ। ਅੱਖ ਦੇ ਫੋਰੇ ਵਿਚ ਉਨ੍ਹਾਂ ਦੀਆਂ ਲਾਸ਼ਾਂ ਸੜਕ ਉੱਪਰ ਤੜਫਦੀਆਂ ਨਜ਼ਰ ਆਈਆਂ। ਦੂਜੀ ਵਾਰ ਫ਼ੌਜਦਾਰ ਦੇ ਕਹਿਣ ਉੱਪਰ, ਕੋਈ ਵੀ ਸਿੰਘਾਂ ਦੇ ਮੁਕਾਬਲੇ ਲਈ ਤਿਆਰ ਨਾ ਹੋਇਆ ਤਾਂ ਫ਼ੌਜਦਾਰ ਨੇ ਸਾਰਿਆਂ ਨੂੰ ਇੱਕੋ ਵਾਰ ਸਿੰਘਾਂ ਉੱਪਰ ਹਮਲਾ ਕਰਨ ਦਾ ਹੁਕਮ ਕਰ ਦਿੱਤਾ। ਦੋ ਸਿੰਘ ਇੱਕ ਸੌ ਦਾ ਮੁਕਾਬਲਾ ਕਰਦੇ ਹੋਏ 1739 ਈਸਵੀ ਵਿਚ ਸ਼ਹੀਦੀਆਂ ਪਾ ਗਏ।

ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ

Bhai Bota Singh and Bhai Garja Singh



Bhai Bota Singh and Bhai Garja Singh


After the death of Qazi Abdul Razak and Mufti Abdul Rehman at the hands of the Singhs in 1738 A.D., Zakria Khan, the Governor of Lahore put Abdul Samad Khan Yusufi at the head of an army patrol. Wherever that patrol came across a Singh, they killed him there and then. One day, Abdul Samad Khan fell into the hands of Nawab Kapoor Singh. He tied him head down, behind a horse and ran the horse at a gallop which caused his death. After that, the Governor began rewarding those coming with the heads of Singhs. A large number of Singhs left Lahore and went to other provinces. The Singhs who did not leave the Lahore province spent their days hiding in the bushes. Among those were Bhai Bota Singh Sandhu of village Bharana and Bhai Garja Singh Mazhabi, his companion, who were living in hiding in Tarn Taran area.

One day, while they sat hiding in bushes by the roadside, they heard two soldiers talking. One was telling the other, "Now, the Singhs spend their time hiding in bushes for fear of death." Perhaps he had seen the Singhs sitting. The other one said, "One who passes his days hiding in the bushes like a jackal cannot be a Singh (lion)." The Singhs could not tolerate this insult. They came out of the hiding and killed both the soldiers. After that, both the Singhs posted themselves on a bridge near Noordin's inn on Tarn Taran to Lahore road. They started collecting bridge tolls at the rate of one 'Anna' for a cart and one 'Paisa' for a donkey crossing that bridge. Everyone using the bridge paid the toll-tax without any argument. When sometime had passed with the establishment of Sikh rule over the bridge, they wrote a letter to the Governor, "Bota writes in this letter : He has a staff in his hand. He has imposed a toll of one anna on each cart and one paisa on each donkey. Tell brother's wife Khano that Bota Singh says this."

On receiving the letter, the Governor sent Jalal Din with one hundred soldiers to arrest and bring the Singhs with him. Jalal Din came to the bridge and said to the Singhs, "There are only two of you while I have one hundred soldiers with me. You have only clubs while we are armed with swords. You cannot face us in a battle. As such, it is better that you surrender." The Singhs replied, "Select four of your soldiers and send them to fight us. Then you will see our hands wielding the clubs." At this challenge of the Singhs the Commander sent four soldiers. In the twinkling of an eye, the corpses of the soldiers lay writhing on the ground. When no one came forward to face the Singhs again, the Commander ordered all to attack them together. The two Singhs attained martyrdom fighting one hundred men in 1739 A.D.

ਭਾਈ ਤਾਰੂ ਸਿੰਘ

Bhai Taru Singh



ਭਾਈ ਤਾਰੂ ਸਿੰਘ

ਭਾਈ ਤਾਰੂ ਸਿੰਘ ਜੀ ਪਹੂਲਾ ਪਿੰਡ ਵਿਚ ਆਪਣੀ ਛੋਟੀ ਭੈਣ ਤੇ ਮਾਤਾ ਦੇ ਨਾਲ ਰਹਿੰਦੇ ਸਨ ਤੇ ਖੇਤੀ ਕਰ ਕੇ ਆਪਣਾ ਨਿਭਾ ਕਰਦੇ ਸਨ। ਉਨ੍ਹਾਂ ਦਾ ਪਿਤਾ ਛੋਟੇ ਹੁੰਦਿਆਂ ਦਾ ਗੁਜ਼ਰ ਗਿਆ ਸੀ। ਭਾਈ ਤਾਰੂ ਸਿੰਘ ਦਾ ਪਿਆਰ ਨਾਲ ਬੋਲਣ ਦਾ ਸੁਭਾਅ, ਹਰ ਆਏ ਦੀ ਸੇਵਾ ਕਰਨਾ ਤੇ ਲੋੜਵੰਦ ਦੀ ਜ਼ਰੂਰਤ ਪੂਰੀ ਕਰਨਾ ਜੀਵਨ ਦੇ ਅੰਗ ਬਣ ਗਏ ਸਨ।

ਇੱਕ ਦਿਨ ਉਨ੍ਹਾਂ ਪਾਸ ਇੱਕ ਮੁਸਲਮਾਨ ਮਾਛੀ ਰਹੀਮ ਬਖ਼ਸ਼ ਰਾਤ ਕੱਟਣ ਲਈ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨਾਲ ਗੱਲ ਕੀਤੀ, "ਮੇਰੀ ਬੇਟੀ ਨੂੰ ਪੱਟੀ ਦਾ ਫ਼ੌਜਦਾਰ ਉਠਾ ਕੇ ਲੈ ਗਿਆ ਸੀ। ਮੈਂ ਉਸਦੀ ਸ਼ਿਕਾਇਤ ਸੂਬੇਦਾਰ ਪਾਸ ਜਾ ਕੇ ਕੀਤੀ। ਉਸ ਨੇ ਮੈਨੂੰ ਕਚਹਿਰੀ ਵਿਚੋਂ ਧੱਕੇ ਮਰਵਾ ਕੇ ਕਢਵਾ ਦਿੱਤਾ। ਇਸ ਰਾਜ ਵਿਚ ਗ਼ਰੀਬ ਦੀ ਕੋਈ ਫ਼ਰਿਆਦ ਨਹੀਂ ਸੁਣਦਾ।" ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ, "ਤੇਰੀ ਪੁਕਾਰ ਸੂਬੇਦਾਰ ਨੇ ਨਹੀਂ ਸੁਣੀ, ਪਰ ਗੁਰੂ ਨਾਨਕ ਦੇ ਘਰ ਵਿਚ ਇਹ ਸੁਣੀ ਗਈ ਹੈ। ਤੇਰੀ ਬੇਟੀ ਕੁਝ ਦਿਨਾਂ ਦੇ ਅੰਦਰ ਤੇਰੇ ਪਾਸ ਪੁੱਜ ਜਾਵੇਗੀ।"

ਕੁਝ ਦਿਨਾਂ ਪਿਛੋਂ ਸਿੰਘਾਂ ਦਾ ਇਕ ਜਥਾ ਉਸ ਪਾਸੇ ਦੀ ਲੰਘਦਾ ਹੋਇਆ ਭਾਈ ਤਾਰੂ ਸਿੰਘ ਨੂੰ ਮਿਲਿਆ। ਭਾਈ ਤਾਰੂ ਸਿੰਘ ਨੇ ਉਸ ਜਥੇ ਨੂੰ ਰਹੀਮ ਬਖ਼ਸ਼ ਦੀ ਤਕਲੀਫ਼ ਦੱਸੀ। ਉਸ ਜਥੇ ਨੇ ਪੱਟੀ ਉੱਪਰ ਛਾਪਾ ਮਾਰ ਕੇ ਰਹੀਮ ਬਖ਼ਸ਼ ਦੀ ਬੇਟੀ ਉਸ ਪਾਸ ਪਹੁੰਚਾ ਦਿੱਤੀ। ਉਸ ਛਾਪੇ ਵਿਚ ਪੱਟੀ ਦਾ ਫ਼ੌਜਦਾਰ ਮਾਰਿਆ ਗਿਆ। ਪਹੂਲੇ ਪਿੰਡ ਦੇ ਚੌਧਰੀ ਖ਼ੁਸ਼ਾਲੇ ਨੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਇਸ ਸਾਰੇ ਕਾਰੇ ਦਾ ਭੇਦ ਦੇ ਦਿੱਤਾ। ਉਸਨੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭੇਜ ਦਿੱਤੇ। ਭਾਈ ਤਾਰੂ ਸਿੰਘ ਨੇ ਗ੍ਰਿਫ਼ਤਾਰ ਕਰਨ ਆਏ ਸਿਪਾਹੀਆਂ ਨੂੰ ਕਿਹਾ, "ਤੁਸੀਂ ਆਪਣੇ ਮਾਲਕ ਦੇ ਹੁਕਮ ਦੇ ਬੱਧੇ ਹੋਏ ਮੈਨੂੰ ਗ੍ਰਿਫ਼ਤਾਰ ਕਰਨ ਆਏ ਹੋ ਤੇ ਮੈਂ ਆਪਣੇ ਮਾਲਕ ਦੇ ਹੁਕਮ ਦਾ ਬੱਧਾ ਹੋਇਆ ਆਪ ਨੂੰ ਖਾਣਾ ਖੁਵਾਏ ਬਿਨਾ ਜਾਣ ਨਹੀਂ ਦੇ ਸਕਦਾ।" ਸਿਪਾਹੀ ਉਸ ਦੀ ਬੇਨਤੀ ਮੰਨ ਕੇ ਖਾਣਾ ਖਾਣ ਪਿੱਛੋਂ, ਉਨ੍ਹਾਂ ਨੂੰ ਨਾਲ ਲੈ ਕੇ ਸੂਬੇਦਾਰ ਦੇ ਪਾਸ ਹਾਜ਼ਰ ਹੋ ਗਏ।

ਸੂਬੇਦਾਰ ਨੇ, ਇਸ ਆਸ ਉਪਰ ਕਿ ਭਾਈ ਤਾਰੂ ਸਿੰਘ ਦੇ ਮੁਸਲਮਾਨ ਬਣ ਜਾਣ ਨਾਲ ਉਹ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰਵਾ ਦੇਣਗੇ, ਭਾਈ ਤਾਰੂ ਸਿੰਘ ਨੂੰ ਕਿਹਾ, "ਤੇਰੇ ਸਾਰੇ ਗੁਨਾਹ ਮੁਆਫ਼ ਹੋ ਸਕਦੇ ਹਨ, ਜੇ ਤੂੰ ਮੁਸਲਮਾਨ ਬਣ ਜਾਵੇਂ ਤੇ ਇਹ ਲੰਮੇ-ਲੰਮੇ ਕੇਸ ਕਟਵਾ ਕੇ ਮੈਨੂੰ ਦੇ ਦੇਵੇਂ, ਜਿਨ੍ਹਾਂ ਦਾ ਮੈਂ ਵਾਣ ਵਟ ਕੇ ਮੰਜਾ ਬਣਵਾ ਲਵਾਂ।" ਭਾਈ ਤਾਰੂ ਸਿੰਘ ਨੇ ਉੱਤਰ ਦਿੱਤਾ, "ਮੇਰੀ ਸਿੱਖੀ ਕੇਸਾਂ ਨਾਲ ਨਿਭੇਗੀ। ਜੇ ਤੂੰ ਮੇਰੇ ਕੇਸਾਂ ਨੂੰ ਹੱਥ ਲਗਾਇਆ ਤਾਂ ਤੂੰ ਮੇਰੀ ਜੁੱਤੀ ਅੱਗੇ ਚਲੇਂਗਾ, ਜਿਸ ਨਾਲ ਤੇਰੀ ਮੌਤ ਹੋਵੇਗੀ।" ਇਹ ਸੁਣ ਕੇ ਸੂਬੇਦਾਰ ਨੂੰ ਬਹੁਤ ਗ਼ੁੱਸਾ ਆਇਆ। ਉਸ ਨੇ ਭਾਈ ਤਾਰੂ ਸਿੰਘ ਨੂੰ ਚਰਖੜੀਆਂ 'ਤੇ ਚੜ੍ਹਵਾਇਆ, ਫਿਰ ਇੱਕ ਮੋਚੀ ਪਾਸੋਂ ਉਨ੍ਹਾਂ ਦੀ ਕੇਸਾਂ ਸਮੇਤ ਖੋਪਰੀ ਉਤਰਵਾ ਦਿੱਤੀ ਤਾਂ ਜੁ ਫਿਰ ਸਿਰ ਉੱਪਰ ਕੇਸ ਨਾ ਉਗ ਸਕਣ। ਉਸ ਪਿੱਛੋਂ ਉਨ੍ਹਾਂ ਨੂੰ ਇੱਕ ਖਾਈ ਵਿਚ ਸੁਟਵਾ ਦਿੱਤਾ।

ਸ਼ਾਮ ਨੂੰ ਸੂਬੇਦਾਰ ਦਾ ਪਿਸ਼ਾਬ ਬੰਦ ਹੋ ਗਿਆ। ਹਕੀਮਾਂ ਦੇ ਯਤਨ ਫੇਲ੍ਹ ਹੋ ਗਏ ਤਾਂ ਸੂਬੇਦਾਰ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਪਾਸੋਂ ਭੁਲ ਬਖ਼ਸ਼ਾਉਣ ਲਈ ਭੇਜਿਆ। ਭਾਈ ਤਾਰੂ ਸਿੰਘ ਨੇ ਉਨ੍ਹਾਂ ਨੂੰ ਦਲ ਖ਼ਾਲਸਾ ਦੇ ਜਥੇਦਾਰ ਪਾਸ ਭੇਜ ਦਿੱਤਾ। ਜਥੇਦਾਰ ਨੇ ਕਿਹਾ, "ਭਾਈ ਤਾਰੂ ਸਿੰਘ ਦੀ ਜੁੱਤੀ ਜੇ ਸੂਬੇਦਾਰ ਦੇ ਸਿਰ ਵਿਚ ਮਾਰੀ ਜਾਵੇ ਤਾਂ ਉਸ ਨੂੰ ਪਿਸ਼ਾਬ ਆ ਸਕਦਾ ਹੈ, ਪਰ ਸੂਬੇਦਾਰ ਦੀ ਮੌਤ ਭਾਈ ਤਾਰੂ ਸਿੰਘ ਤੋਂ ਪਹਿਲਾਂ ਹੋਵੇਗੀ। ਉਨ੍ਹਾਂ ਦੇ ਬਚਨ ਅਟੱਲ ਹੋਣਗੇ।" ਭਾਈ ਸੁਬੇਗ ਸਿੰਘ ਦੇ ਦਸਣ ਉੱਪਰ ਜਦੋਂ ਸੂਬੇਦਾਰ ਨੇ ਭਾਈ ਤਾਰੂ ਸਿੰਘ ਦੀ ਜੁੱਤੀ ਲੈ ਕੇ ਆਪਣੇ ਸਿਰ ਵਿਚ ਮਾਰੀ ਤਾਂ ਉਸ ਨੂੰ ਪਿਸ਼ਾਬ ਆ ਗਿਆ। 22 ਦਿਨ ਸੂਬੇਦਾਰ ਉਸ ਜੁੱਤੀ ਦੇ ਸਹਾਰੇ ਜ਼ਿੰਦਾ ਰਹਿਣ ਪਿੱਛੋਂ 1 ਜੁਲਾਈ 1745 ਈਸਵੀ ਨੂੰ ਜਹਾਨ ਤੋਂ ਕੂਚ ਕਰ ਗਿਆ। ਭਾਈ ਤਾਰੂ ਸਿੰਘ ਨੂੰ ਜਦੋਂ ਸੂਬੇਦਾਰ ਦੀ ਮੌਤ ਦੀ ਖ਼ਬਰ ਮਿਲੀ, ਉਨ੍ਹਾਂ ਵੀ ਸਰੀਰ ਤਿਆਗ ਦਿੱਤਾ।

Bhai Taru Singh

Bhai Taru Singh lived with his mother and younger sister at village Pahoola and did farming for his living. His father had died while he was still young. It had become a part of his life to speak with love, serve everyone who came to him and help those in need.

One day, Rahim Bakhsh, a Muslim fisherman stayed at his house to spend the night. Before going to bed, he talked to Bhai Taru Singh, "The Commander of Patti had forcibly taken away my daughter, when I complained to the Governor about him, he got me thrown out of the court. Nobody listens to the complaints of the poor in this regime." Bhai Taru Singh said to him, "Your complaint has not been listened by the Governor but it has been heard in the house of Guru Nanak. Your daughter will reach you in a few days."

After some days a squad of Singhs passing that way, met Bhai Taru Singh. Bhai Taru Singh told them about the trouble of Rahim Bakhsh. That squad raided Patti and returned his daughter to him. The Commander of Patti was killed in that raid. Khushala, the headman of village Pahoola, informed Zakria Khan, the Governor, the secret behind this happening. The Governor sent soldiers to arrest Bhai Taru Singh. Bhai Taru Singh said to the soldiers who had come to arrest him, "You have come to take me away on the orders of your master. I, bound by the orders of my Master, cannot let you go without meals." The soldiers acceded to his request and after taking meals, arrested him and presented him before the Governor.

Hoping that Bhai Taru Singh will help in arresting other Singhs if he embraces Islam, the Governor said to him, "All your sins can be pardoned if you become a Muslim and cut and give me those long hair of yours so that I may make a string of them for weaving my bed." Bhai Taru Singh said, "I shall keep my faith with these hair and you shall be controlled by my shoes and with these you will die." The Governor was beside himself with rage on hearing this. He got Bhai Taru Singh mounted on rotating wheels of torture and then from a cobbler got his scalp removed so that hair may not grow again. After that he got him thrown in a ditch.

In the evening the Governor could not pass urine. When the efforts of the physicians failed, the Governor sent Bhai Subeg Singh to seek pardon from Bhai Taru Singh. He sent him to the leader of Dal Khalsa. The leader said, "The Governor can pass urine if he is hit on the head with the shoe of Bhai Taru Singh but he will die before Bhai Taru Singh. The words of the Singh must be fulfilled." When the Governor took the shoe of Bhai Taru Singh and hit his head with it, he was able to urinate. After surviving for 22 days with the help of that shoe, the Governor died on the 1st July, 1745 A.D. Bhai Taru Singh gave up this mortal body after hearing about the death of the Governor.

ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ


ਭਾਈ ਸੁਬੇਗ ਸਿੰਘ, ਪਿੰਡ ਜੰਬਰ, ਜ਼ਿਲ੍ਹਾ ਲਾਹੌਰ ਦੇ ਰਹਿਣ ਵਾਲੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ ਤੇ ਲਾਹੌਰ ਵਿਚ ਸਰਕਾਰੀ ਠੇਕੇਦਾਰ ਸਨ। 1733 ਈਸਵੀ ਵਿਚ ਦਲ ਖ਼ਾਲਸੇ ਨੂੰ ਜਾਗੀਰ ਦੇਣ ਸਮੇਂ ਉਨ੍ਹਾਂ ਨੇ ਸਰਕਾਰ ਤੇ ਦਲ ਖ਼ਾਲਸੇ ਵਿਚ ਸਮਝੌਤਾ ਕਰਵਾਇਆ ਸੀ। 1745 ਈਸਵੀ ਵਿਚ ਸੂਬੇਦਾਰ ਜ਼ਕਰੀਆ ਖ਼ਾਨ ਨੇ ਪਿਸ਼ਾਬ ਬੰਦ ਹੋ ਜਾਣ ਸਮੇਂ ਉਨ੍ਹਾਂ ਨੂੰ ਦਲ ਖ਼ਾਲਸੇ ਪਾਸ ਭੇਜਿਆ ਸੀ। ਜਥੇਦਾਰ ਦੇ ਦੱਸੇ ਅਨੁਸਾਰ, ਸੂਬੇਦਾਰ ਨੂੰ ਭਾਈ ਤਾਰੂ ਸਿੰਘ ਦੀ ਜੁੱਤੀ ਸਿਰ ਵਿਚ ਮਾਰਨ ਨਾਲ ਪਿਸ਼ਾਬ ਆਉਂਦਾ ਰਿਹਾ ਸੀ।

1 ਜੁਲਾਈ, 1745 ਈਸਵੀ ਨੂੰ ਜ਼ਕਰੀਆ ਖ਼ਾਨ ਦੇ ਮਰ ਜਾਣ ਪਿੱਛੋਂ, ਉਸਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਦੀਵਾਨ ਲਖਪਤ ਰਾਏ ਨੇ ਸਿੰਘਾਂ ਪਾਸੋਂ, ਆਪਣੇ ਭਰਾ ਜਸਪਤ ਰਾਏ ਦੇ ਖ਼ੂਨ ਦਾ ਬਦਲਾ ਲੈਣ ਲਈ, ਜਿਹੜਾ ਜਨਵਰੀ 1746 ਈਸਵੀ ਵਿਚ ਐਮਨਾਬਾਦ ਦੇ ਨੇੜੇ ਸਿੰਘਾਂ ਨਾਲ ਹੋਈ ਇੱਕ ਝੜਪ ਵਿਚ ਮਾਰਿਆ ਗਿਆ ਸੀ, ਸੂਬੇਦਾਰ ਨੂੰ ਕਿਹਾ, "ਸੁਬੇਗ ਸਿੰਘ ਸਿੰਘਾਂ ਨਾਲ ਮਿਲਿਆ ਹੋਇਆ ਹੈ। ਇਹ ਸਰਕਾਰ ਦੇ ਭੇਦ ਸਿੰਘਾਂ ਨੂੰ ਜਾ ਕੇ ਦੱਸ ਦਿੰਦਾ ਹੈ। ਇਸ ਦੇ ਕਹਿਣ 'ਤੇ ਆਪ ਦੇ ਪਿਤਾ ਨੇ ਇੱਕ ਸਿੰਘ ਦੀਆਂ ਜੁੱਤੀਆਂ ਆਪਣੇ ਸਿਰ ਵਿਚ ਮਾਰੀਆਂ ਸਨ, ਜਿਨ੍ਹਾਂ ਨਾਲ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸਨੂੰ ਉਸ ਜੁਰਮ ਦੀ ਸਜ਼ਾ ਦੇਣੀ ਚਾਹੀਦੀ ਹੈ।"

ਸੂਬੇਦਾਰ ਨੇ ਭਾਈ ਸੁਬੇਗ ਸਿੰਘ ਨੂੰ ਮੁਸਲਮਾਨ ਬਣਾ ਕੇ ਸਿੰਘਾਂ ਦੇ ਭੇਦ ਲੈਣ ਦਾ ਹੁਕਮ ਕਰ ਦਿੱਤਾ। ਭਾਈ ਸੁਬੇਗ ਸਿੰਘ ਦਾ ਅਠਾਰਾਂ ਸਾਲ ਦਾ ਪੁੱਤਰ ਭਾਈ ਸ਼ਾਹਬਾਜ਼ ਸਿੰਘ, ਇੱਕ ਮੌਲਵੀ ਪਾਸੋਂ ਫ਼ਾਰਸੀ ਪੜ੍ਹਨ ਜਾਂਦਾ ਸੀ। ਮੌਲਵੀ ਨੂੰ ਜਦੋਂ ਭਾਈ ਸੁਬੇਗ ਸਿੰਘ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਉਸਨੇ ਭਾਈ ਸ਼ਾਹਬਾਜ਼ ਸਿੰਘ ਨੂੰ ਮੁਸਲਮਾਨ ਬਣਨ ਲਈ ਕਿਹਾ ਤਾਂ ਜੁ ਆਪਣੀ ਲੜਕੀ ਦੀ ਸ਼ਾਦੀ ਉਸ ਨਾਲ ਕਰ ਸਕੇ, ਕਿਉਂਕਿ ਭਾਈ ਸ਼ਾਹਬਾਜ਼ ਸਿੰਘ ਸੋਹਣਾ ਤੇ ਹੁਸ਼ਿਆਰ ਸੀ। ਭਾਈ ਸ਼ਾਹਬਾਜ਼ ਸਿੰਘ ਨੇ ਅੱਗੋਂ ਨਾਂਹ ਕਰ ਦਿੱਤੀ। ਮੌਲਵੀ ਨੇ ਸੂਬੇਦਾਰ ਨੂੰ ਕਹਿ ਕੇ ਭਾਈ ਸ਼ਾਹਬਾਜ਼ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਕਚਹਿਰੀ ਵਿਚ ਕਾਜ਼ੀ ਨੇ ਦੋਹਾਂ ਨੂੰ ਕਿਹਾ, "ਜੇ ਤੁਸੀਂ ਮੁਸਲਮਾਨ ਬਣ ਜਾਵੋ ਤਾਂ ਤੁਸਾਂ ਦੇ ਸਾਰੇ ਗੁਨਾਹ ਮੁਆਫ਼ ਹੋ ਸਕਦੇ ਹਨ। ਉਨ੍ਹਾਂ ਦੋਹਾਂ ਨੇ ਧਰਮ ਤਿਆਗਣ ਤੋਂ ਨਾਂਹ ਕਰ ਦਿੱਤੀ। ਫਿਰ ਪਿਉ ਤੇ ਪੁੱਤਰ ਦੋਹਾਂ ਨੂੰ ਇੱਕ ਦੂਜੇ ਦੇ ਸਾਹਮਣੇ ਚਰਖੜੀਆਂ ਉੱਪਰ ਚੜ੍ਹਾਇਆ ਗਿਆ ਤਾਂ ਜੁ ਉਹ ਇੱਕ ਦੂਜੇ ਨੂੰ ਦੁੱਖ ਪਾਉਂਦਾ ਦੇਖ ਕੇ ਇਸਲਾਮ ਕਬੂਲ ਕਰ ਲੈਣ, ਪਰ ਉਨ੍ਹਾਂ ਧਰਮ ਨਾ ਤਿਆਗਿਆ, ਭਾਵੇਂ ਸਰੀਰਾਂ ਵਿਚੋਂ ਖ਼ੂਨ ਵਗਣ ਕਾਰਨ ਉਹ ਦੋਵੇਂ ਬੇਹੋਸ਼ ਹੋ ਗਏ।

ਦੂਜੇ ਦਿਨ ਕਾਜ਼ੀ ਨੇ ਭਾਈ ਸ਼ਾਹਬਾਜ਼ ਸਿੰਘ ਨੂੰ ਕਿਹਾ, "ਬੇਟਾ, ਤੇਰੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ ਹੈ। ਮੈਂ ਤੇਰੀ ਮੌਤ ਟਾਲ ਸਕਦਾ ਹਾਂ, ਜੇ ਅਜੇ ਵੀ ਤੂੰ ਮੁਸਲਮਾਨ ਬਣ ਜਾਵੇਂ।" ਭਾਈ ਸ਼ਾਹਬਾਜ਼ ਸਿੰਘ ਨੇ ਉੱਤਰ ਦਿੱਤਾ, "ਮੌਤ ਟਾਲੀ ਨਹੀਂ ਜਾ ਸਕਦੀ। ਇਸਨੇ ਅਵੱਸ਼ ਇੱਕ ਦਿਨ ਆਉਣਾ ਹੀ ਹੈ।" ਕਾਜ਼ੀ ਨੇ ਪੁੱਤਰ ਨੂੰ ਵਾਪਸ ਭੇਜ ਦਿੱਤਾ ਤੇ ਪਿਤਾ ਨੂੰ ਮੰਗਵਾ ਕੇ ਕਿਹਾ, "ਤੇਰਾ ਪੁੱਤਰ ਮੁਸਲਮਾਨ ਹੋਣਾ ਮੰਨ ਗਿਆ ਹੈ ਤੇ ਤੂੰ ਵੀ ਮੁਸਲਮਾਨ ਹੋਣਾ ਮੰਨ ਜਾ।" ਭਾਈ ਸੁਬੇਗ ਸਿੰਘ ਨੇ ਕਿਹਾ, "ਮੈਂ ਕਿਸੇ ਵੀ ਕੀਮਤ ਉੱਪਰ ਆਪਣਾ ਧਰਮ ਨਹੀਂ ਛੱਡ ਸਕਦਾ।" ਕਾਜ਼ੀ ਦੇ ਕਹਿਣ 'ਤੇ ਪੁੱਤਰ ਨੂੰ ਫਿਰ ਪਿਤਾ ਦੇ ਸਾਹਮਣੇ ਲਿਆਂਦਾ ਗਿਆ। ਕਾਜ਼ੀ ਨੇ ਫਿਰ ਉਨ੍ਹਾਂ ਦੋਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਉਨ੍ਹਾਂ ਦੋਹਾਂ ਦਾ ਨਾਂਹ ਵਿਚ ਉੱਤਰ ਸੁਣ ਕੇ ਦੋਹਾਂ ਨੂੰ ਕਤਲ ਕਰਨ ਦਾ ਹੁਕਮ ਕਰ ਦਿੱਤਾ। 10 ਮਾਰਚ, 1746 ਈਸਵੀ ਨੂੰ ਜੱਲਾਦਾਂ ਨੇ ਪਿਤਾ ਤੇ ਪੁੱਤਰ ਦੋਹਾਂ ਨੂੰ ਕਤਲ ਕਰ ਦਿੱਤਾ। ਉਸ ਦਿਨ ਦੀਵਾਨ ਲਖਪਤ ਰਾਏ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ, ਲਾਹੌਰ ਸ਼ਹਿਰ ਦੇ ਸਿੱਖਾਂ ਨੂੰ ਇਕੱਠੇ ਕਰਵਾ ਕੇ, ਕਤਲ ਕਰਵਾਉਣ ਲਈ, ਸ਼ਹਿਰ ਦੇ ਭੰਗੀਆਂ ਦੇ ਹਵਾਲੇ ਕਰ ਦਿੱਤਾ। ਸ਼ਹਿਰ ਦੇ ਮੁਖੀ ਹਿੰਦੂਆਂ ਨੇ ਦੀਵਾਨ ਲਖਪਤ ਰਾਏ ਨੂੰ ਬੇਗੁਨਾਹ ਸਿੱਖਾਂ ਦੇ ਕਤਲ ਕਰਨ ਤੋਂ ਵਰਜਿਆ ਤਾਂ ਉਸਨੇ ਕਿਹਾ, "ਜੇ ਅੱਜ ਰੱਬ ਵੀ ਆ ਕੇ ਇਨ੍ਹਾਂ ਸਿੱਖਾਂ ਦੇ ਕਤਲ ਕਰਨ ਤੋਂ ਰੋਕੇ, ਤਦ ਵੀ ਮੈਂ ਨਹੀਂ ਰੁਕਾਂਗਾ।"

ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ   Bhai Subeg Singh and Bhai Shahbaz Singh




Bhai Subeg Singh and Bhai Shahbaz Singh

Bhai Subeg Singh was resident of village Jumber district Lahore. He was well educated and scholar of Persian. He was working as a government contractor at Lahore. He mediated between the government and the Sikhs in 1733 A.D., when the Dal Khalsa was given an estate. During 1745 A.D., when the Governor Zakria Khan could not pass urine, Bhai Subeg Singh was sent by him to the Dal Khalsa. As advised by the leader, the Governor had kept on passing urine when hit on the head with the shoe of Bhai Taru Singh.

After the death of Zakria Khan on the 1st July, 1745 A.D., his son, Yahiya Khan became the Governor of Lahore. To avenge the death of his brother Jaspat Rai, who had died in an encounter with the Singhs near Eminabad in January, 1746 A.D., Diwan Lakhpat Rai said to the new Governor, "Subeg Singh is in league with the Singhs. Your father had to hit himself on the head with a Singh's shoe at his bidding which caused his death. He should be punished for that crime."

The Governor ordered Bhai Subeg Singh to become a Muslim and spy on the Singhs. Eighteen year old son of Bhai Subeg Singh, Shahbaz Singh, studied Persian from a maulvi. When the maulvi came to know of the arrest of Bhai Subeg Singh, he asked Bhai Shahbaz Singh to embrace Islam so that he may marry his daughter to him as he was handsome and genius. Bhai Shahbaz Singh refused his offer. The maulvi asked the Governor and had him arrested also. The qazi said to them, "If both of you embrace Islam, you will be pardoned." At their refusal both of them were mounted on rotating wheels in sight of each other so that they might embrace Islam seeing each other suffering. But they did not forsake their faith although both became unconscious due to excessive loss of blood.

Next day, the qazi said to Bhai Shahbaz Singh, "Son ! your father has been executed. I can ward off your death if you become a Muslim even now." Bhai Shahbaz Singh replied, "Death cannot be put off. It must come one day." The qazi sent the son away, called for the father and said to him, "Your son has agreed to embrace Islam and you should also consent to do so." Bhai Subeg Singh said, "I cannot give up my faith at any cost." The qazi again brought the father and son face to face. He again asked both of them to come to the fold of Islam. On their refusal, the qazi ordered both of them to be killed. On the 10th March, 1746 A.D., the executioners beheaded both of them. It was on that day that Diwan Lakhpat Rai had got together the Sikhs of Lahore and handed them over to the scavengers of the city for slaughter in order to exterminate Sikhs. The prominent Hindus of the city pleaded with the Diwan, not to murder innocent Sikhs. He replied, "If God Himself comes and forbids me, I shall not stop."


ਛੋਟਾ ਘੱਲੂਘਾਰਾ
The Lesser Holocaust

ਛੋਟਾ ਘੱਲੂਘਾਰਾ

ਦੀਵਾਨ ਲਖਪਤ ਰਾਏ ਨੇ ਸਿੱਖਾਂ ਪਾਸੋਂ ਆਪਣੇ ਭਰਾ ਦੇ ਖ਼ੂਨ ਦਾ ਬਦਲਾ ਲੈਣ ਲਈ, ਲਾਹੌਰ ਸ਼ਹਿਰ ਦੇ ਸਾਰੇ ਸਿੱਖਾਂ ਨੂੰ ਸ਼ਹਿਰ ਦੇ ਭੰਗੀਆਂ ਪਾਸੋਂ 10 ਮਾਰਚ, 1746 ਈਸਵੀ ਨੂੰ ਕਤਲ ਕਰਵਾ ਦਿੱਤਾ। ਉਸ ਪਿੱਛੋਂ ਉਹ ਪੰਜਾਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਹੋਰ ਸਿੱਖਾਂ ਨੂੰ ਖ਼ਤਮ ਕਰਨ ਲਈ ਚਲ ਪਿਆ। ਉਨ੍ਹਾਂ ਦਿਨਾਂ ਵਿਚ ਕੋਈ ਪੰਦਰਾਂ ਹਜ਼ਾਰ ਸਿੱਖਾਂ ਨੇ, ਰਾਵੀ ਦੇ ਝੱਲਾਂ ਵਿਚ, ਕਾਹਨੂਵਾਨ ਦੇ ਛੰਭ ਦੇ ਆਸੇ ਪਾਸੇ ਪਨਾਹ ਲਈ ਹੋਈ ਸੀ। ਦੀਵਾਨ ਲਖਪਤ ਰਾਏ ਦੇ ਹੁਕਮ ਨਾਲ ਫ਼ੌਜ ਨੇ ਛੰਭ ਨੂੰ ਘੇਰਾ ਪਾ ਲਿਆ ਤੇ ਬਾਹਰੋਂ ਤੋਪਾਂ ਦੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਸਿੱਖਾਂ ਦੀ, ਸ਼ਾਹੀ ਫ਼ੌਜ ਦੀਆਂ ਤੋਪਾਂ ਅੱਗੇ ਕੋਈ ਪੇਸ਼ ਨਾ ਚੱਲੀ ਤਾਂ ਉਨ੍ਹਾਂ ਨੇ ਪਹਾੜਾਂ ਵੱਲ ਦਾ ਰੁਖ਼ ਕਰ ਲਿਆ। ਫ਼ੌਜ ਵੀ ਸਿੱਖਾਂ ਦੇ ਪਿੱਛੇ ਪਿੱਛੇ ਚਲ ਪਈ। ਸਿੱਖਾਂ ਪਾਸ ਜਿਹੜਾ ਅੰਨ ਦਾਣਾ ਸੀ, ਉਹ ਸਭ ਖ਼ਤਮ ਹੋ ਗਿਆ। ਜਦੋਂ ਸਿੰਘਾਂ ਦਾ ਦਾਅ ਲੱਗਦਾ ਤਾਂ ਉਹ ਫ਼ੌਜ ਪਾਸੋਂ ਕੁਝ ਨਾ ਕੁਝ ਖੋਹ ਕੇ ਲੈ ਜਾਂਦੇ।

ਇੱਕ ਦਿਨ ਸ਼ਾਮ ਵੇਲੇ, ਸਿੰਘਾਂ ਨੇ ਝੱਲਾਂ ਵਿੱਚੋਂ ਨਿਕਲ ਕੇ ਫ਼ੌਜ ਉੱਪਰ ਹਮਲਾ ਕਰ ਦਿੱਤਾ। ਜਦੋਂ ਫ਼ੌਜ ਉਨ੍ਹਾਂ ਦੇ ਮੁਕਾਬਲੇ 'ਤੇ ਆਈ ਤਾਂ ਉਹ ਮੈਦਾਨ ਛੱਡ ਕੇ ਭੱਜ ਗਏ ਤੇ ਫ਼ੌਜ ਬਹੁਤ ਪਿੱਛੇ ਰਹਿ ਗਈ। ਫ਼ੌਜ ਨੇ ਸਮਝਿਆ ਕਿ ਸਿੱਖ ਚਲੇ ਗਏ ਹਨ। ਪਿੱਛਾ ਕਰਨ ਵਾਲੀ ਫ਼ੌਜ ਦੀ ਟੁਕੜੀ ਬੇਫ਼ਿਕਰ ਹੋ ਕੇ ਰਾਤ ਨੂੰ ਸੌਂ ਗਈ। ਸਿੰਘਾਂ ਨੇ ਵਾਪਸ ਮੁੜ ਕੇ ਉਸ ਫ਼ੌਜ ਦੀ ਟੁਕੜੀ ਦੇ ਘੋੜੇ, ਅੰਨ-ਦਾਣਾ ਤੇ ਹਥਿਆਰ ਕਾਬੂ ਕੀਤੇ ਤੇ ਫਿਰ ਝੱਲਾਂ ਵਿਚ ਜਾ ਕੇ ਪਨਾਹ ਲੈ ਲਈ। ਝੱਲਾਂ ਵਿਚ ਫ਼ੌਜੀ ਡਰਦੇ ਮਾਰੇ ਜਾਂਦੇ ਨਹੀਂ ਸਨ, ਕਿਉਂਕਿ ਝੱਲਾਂ ਦੇ ਅੰਦਰ ਗਏ ਨੂੰ ਸਿੱਖ ਵਾਪਸ ਨਹੀਂ ਮੁੜਨ ਦਿੰਦੇ ਸਨ। ਸਵੇਰ ਨੂੰ ਜਦੋਂ ਲਖਪਤ ਰਾਏ ਨੂੰ, ਸਿੱਖਾਂ ਦੇ ਰਾਤ ਨੂੰ ਛਾਪਾ ਮਾਰਨ ਦੀ ਖ਼ਬਰ ਮਿਲੀ ਤਾਂ ਉਸਨੇ ਸਰਕੰਡੇ ਨੂੰ ਅੱਗ ਲਗਵਾ ਦਿੱਤੀ। ਸਿੱਖ ਰਾਵੀ ਪਾਰ ਕਰ ਕੇ ਪੜੋਲ ਤੇ ਕਠੂਹੇ ਨੂੰ ਚਲ ਪਏ। ਸਿੱਖਾਂ ਦਾ ਖ਼ਿਆਲ ਸੀ ਕਿ ਪਹਾੜੀ ਹਿੰਦੂ ਜਨਤਾ ਉਨ੍ਹਾਂ ਨੂੰ ਪਨਾਹ ਦੇਵੇਗੀ, ਪਰ ਸਿੱਖ ਬੜੇ ਹੈਰਾਨ ਹੋਏ ਜਦੋਂ ਪਹਾੜੀਆਂ ਨੇ ਗੋਲੀਆਂ ਤੇ ਪੱਥਰਾਂ ਨਾਲ ਸਿੱਖਾਂ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਵੀ ਦੀਵਾਨ ਲਖਪਤ ਰਾਏ ਦਾ ਹੁਕਮ ਪੁੱਜ ਗਿਆ ਸੀ ਕਿ ਜਿਸ ਨੇ ਵੀ ਸਿੱਖਾਂ ਦੀ ਮਦਦ ਕੀਤੀ, ਉਸਦਾ ਸਿੱਖਾਂ ਵਾਲਾ ਹਾਲ ਕੀਤਾ ਜਾਵੇਗਾ।

ਸਿੱਖ ਸਰਦਾਰਾਂ ਨੇ ਫ਼ੈਸਲਾ ਕੀਤਾ ਕਿ ਪੈਦਲ ਸਿੱਖ ਹਰ ਹਾਲਤ ਵਿਚ ਪਹਾੜੀਆਂ ਉੱਪਰ ਚੜ੍ਹ ਜਾਣ ਤੇ ਘੋੜ-ਸਵਾਰ ਸਿੱਖ ਸ਼ਾਹੀ ਫ਼ੌਜ ਨੂੰ ਚੀਰਦੇ ਹੋਏ ਲਾਹੌਰ ਵੱਲ ਨੂੰ ਚਾਲੇ ਪਾ ਦੇਣ। ਸਿੱਖਾਂ ਦਾ ਰਸਤਾ ਪਹਾੜੀਏ ਬਹੁਤੀ ਦੇਰ ਨਾ ਰੋਕ ਸਕੇ। ਲੜਦੇ ਭਿੜਦੇ ਸਿੱਖ ਕੁੱਲੂ, ਮੰਡੀ ਹੁੰਦੇ ਹੋਏ ਛੇ ਮਹੀਨੇ ਪਿੱਛੋਂ ਕੀਰਤਪੁਰ ਪੁੱਜ ਗਏ। ਘੋੜ-ਸਵਾਰ ਸਿੱਖ, ਪੈਦਲ ਸਿੱਖਾਂ ਦੇ ਪਹਾੜੀਆਂ ਉੱਪਰ ਚੜ੍ਹ ਜਾਣ ਪਿੱਛੋਂ ਸ਼ਾਹੀ ਫ਼ੌਜ ਉੱਪਰ ਟੁੱਟ ਪਏ। ਇਸ ਹਫੜਾ-ਦਫੜੀ ਵਿਚ ਤੋਪ ਦਾ ਗੋਲਾ ਲੱਗਣ ਨਾਲ ਸਰਦਾਰ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਲਖਪਤ ਰਾਏ ਦਾ ਪੁੱਤਰ ਹਰਭਜਨ ਰਾਏ ਤੇ ਯਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ ਮਾਰੇ ਗਏ। ਸਿੱਖ, ਸ਼ਾਹੀ ਫ਼ੌਜਾਂ ਨੂੰ ਚੀਰਦੇ ਹੋਏ ਲਾਹੌਰ ਵੱਲ ਨੂੰ ਨਿਕਲ ਗਏ। ਦੱਭ ਤੇ ਕਾਨਿਆਂ ਦੇ ਤੁਲੇ ਬਣਾ ਕੇ ਦਰਿਆ ਰਾਵੀ ਪਾਰ ਕਰ ਕੇ ਫਿਰ ਮਾਝੇ ਵਿਚ ਆ ਗਏ। ਅੱਗੋਂ ਰਾਮ ਰੰਧਾਵੇ ਨੇ ਸਿੱਖਾਂ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਪਰ ਰੋਕ ਨਾ ਸਕਿਆ। ਸਿੱਖਾਂ ਨੇ ਦਰਿਆ ਬਿਆਸ ਸ੍ਰੀ ਹਰਿਗੋਬਿੰਦਪੁਰ ਦੇ ਪੱਤਣ ਤੋਂ ਪਾਰ ਕੀਤਾ ਤਾਂ ਅੱਗੋਂ ਅਦੀਨਾ ਬੇਗ ਦੀਆਂ ਫ਼ੌਜਾਂ ਨਾਲ ਟਾਕਰਾ ਹੋ ਗਿਆ। ਉਨ੍ਹਾਂ ਨਾਲ ਦੋ ਹੱਥ ਕਰ ਕੇ ਸਿੱਖਾਂ ਨੇ ਦਰਿਆ ਸਤਲੁਜ ਅਲੀਵਾਲ ਦੇ ਪੱਤਣ ਤੋਂ ਪਾਰ ਕੀਤਾ। ਜੂਨ 1746 ਈਸਵੀ ਵਿਚ ਸਿੱਖਾਂ ਨੇ ਮਾਲਵੇ ਵਿਚ ਦਾਖ਼ਲ ਹੋ ਕੇ ਸੁਖ ਦਾ ਸਾਹ ਲਿਆ। ਇਸ ਢਾਈ ਮਹੀਨੇ ਦੇ ਛੋਟੇ ਘੱਲੂਘਾਰੇ ਵਿਚ ਸੱਤ ਹਜ਼ਾਰ ਸਿੱਖ ਸ਼ਹੀਦ ਹੋਏ ਤੇ ਤਿੰਨ ਹਜ਼ਾਰ ਸਿੱਖਾਂ ਨੂੰ ਦੀਵਾਨ ਲਖਪਤ ਰਾਏ ਬੰਦੀ ਬਣਾ ਕੇ ਆਪਣੇ ਨਾਲ ਲਾਹੌਰ ਲੈ ਗਿਆ, ਜਿੱਥੇ ਉਨ੍ਹਾਂ ਨੂੰ ਉਸਨੇ ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ।

The Lesser Holocaust

In order to avenge the death of his brother, Diwan Lakhpat Rai had got all the Sikhs of Lahore executed by the scavengers on the 10th March, 1746 A.D. After that he marched with an army of fifty thousand and the artillery to wipe out the Sikhs. In those days, about fifteen thousand Sikhs had taken shelter in the marshes of river Ravi near the pool of Kahnuwan. The forces of Lakhpat Rai besieged the marshes and began pounding the area with cannons from outside. Finding themselves helpless against guns of the royal army, the Sikhs headed for the hills. The army moved in pursuit. The rations, the Sikhs had, were finished. Whenever they found an opportunity, the Sikhs robbed the army and went away.

One evening the Sikhs came out of the bushes and attacked the army but when the army went after them, they retreated a long way back. The army thought that the Sikhs had gone away. The detachment of the army went to sleep worrilessly. The Sikhs returned, took hold of the horses, rations and weapons of the detachment and returned to take shelter in the bushes again. The soldiers did not dare to enter the thick growth of reed because the Sikhs did not let anyone return who went in. The next morning, when Lakhpat Rai came to know about the raid of the Sikhs and stealing of horses, he got the reed set on fire. The Sikhs crossed the river Ravi and started for Parol and Kathua. The Sikhs were of the view that the Hindu population of the hills would give them shelter but the hill people welcomed them with bullets and stones. They had also received the order of Diwan Lakhpat Rai, "Whosoever gives shelter to the Sikhs will meet the same fate as that of the Sikhs."

The Sikh leaders decided, "Come what may, the Sikhs on foot should climb the hills and the horsemen should cut through the army and march towards Lahore." The hill people could not stop the Sikhs for long. The Sikhs fought their way to Kulu and Mandi and reached Kiratpur in six months. After the Sikhs on foot had climbed the hills, the horsemen fell upon the royal Army. In this confusion, one leg of Sardar Sukha Singh was broken by a cannon shell. Harbhajan Rai, son of Lakhpat Rai and Nahar Khan, son of Yahiya Khan were killed. Piercing the army, the Sikhs started towards Lahore. They crossed the river Ravi with the help of rafts made of reeds and grass and returned to Majha. Ram Randhawa tried to block the way of the Sikhs but did not succeed. When the Sikhs crossed river Beas at Sri Hargobindpur, they had to face the forces of Adina Beg. Giving them a taste of battle the Sikhs crossed river Sutlej from the ferry bank at Aliwal and heaved a sigh of relief after entering Malwa in June, 1746 A.D. In this lesser holocaust of two and a half months, seven thousand Sikhs attained martyrdom fighting while Lakhpat Rai took three thousand as prisoners to Lahore with him where he tortured them to martyrdom.

ਮੀਰ ਮੰਨੂ ਦਾ ਅੱਤਿਆਚਾਰ


ਮੀਰ ਮੰਨੂ 9 ਅਪ੍ਰੈਲ, 1748 ਈਸਵੀ ਨੂੰ ਲਾਹੌਰ ਤੇ ਮੁਲਤਾਨ ਦਾ ਨਵਾਂ ਸੂਬੇਦਾਰ ਬਣਿਆ। ਉਸਨੇ ਕੌੜਾ ਮੱਲ ਨੂੰ ਆਪਣਾ ਦੀਵਾਨ ਥਾਪਿਆ। ਮੀਰ ਮੰਨੂ ਨੇ ਆਪਣੇ ਸੂਬੇ ਦਾ ਪ੍ਰਬੰਧ ਠੀਕ ਕਰਨ ਪਿੱਛੋਂ, ਸਿੱਖਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ। ਸਿੱਖ ਉਸਦਾ ਇਲਾਕਾ ਛੱਡ ਕੇ ਦੂਜੇ ਸੂਬਿਆਂ ਵਿਚ ਚਲੇ ਗਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਜਥੇ ਸਮੇਤ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਪਾਸ ਭਰਤੀ ਹੋ ਗਿਆ। 1748 ਈਸਵੀ ਦੀ ਦੀਵਾਲੀ ਸਮੇਂ ਸਿੱਖ ਅੰਮ੍ਰਿਤਸਰ ਇਕੱਠੇ ਹੋਏ। ਮੀਰ ਮੰਨੂ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਆਪਣੇ ਜਰਨੈਲ ਨੂੰ ਫ਼ੌਜ ਦੇ ਕੇ ਭੇਜ ਦਿੱਤਾ ਤੇ ਜਲੰਧਰ ਦੇ ਫ਼ੌਜਦਾਰ ਨੂੰ ਵੀ ਹੁਕਮ ਭੇਜ ਦਿੱਤਾ ਕਿ ਉਹ ਵੀ ਫ਼ੌਜ ਲੈ ਕੇ ਸਿੱਖਾਂ ਨੂੰ ਫੜਨ ਲਈ ਅੰਮ੍ਰਿਤਸਰ ਪੁੱਜੇ। ਪੰਜ ਸੌ ਸਿੰਘਾਂ ਨੇ ਰਾਮ ਰਾਉਣੀ ਦੇ ਕਿਲ੍ਹੇ ਵਿਚ ਪਨਾਹ ਲੈ ਲਈ ਤੇ ਬਾਕੀ ਦੇ ਸਿੱਖ ਜੰਗਲਾਂ ਵਿਚ ਚਲੇ ਗਏ। ਲਾਹੌਰ ਤੇ ਜਲੰਧਰ ਦੀ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਦੋ ਮਹੀਨੇ ਦੇ ਘੇਰੇ ਪਿੱਛੋਂ ਵੀ ਸਿੰਘਾਂ ਨੇ ਹਾਰ ਨਾ ਮੰਨੀ। ਕਿਲ੍ਹੇ ਨੂੰ ਘੇਰਾ ਪਾਉਣ ਵਾਲੀ ਸ਼ਾਹੀ ਫ਼ੌਜ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਆਪਣੇ ਜਥੇ ਨਾਲ ਸ਼ਾਮਲ ਸੀ। ਇੱਕ ਦਿਨ ਉਹ ਵੀ ਸ਼ਾਹੀ ਫ਼ੌਜ ਦਾ ਸਾਥ ਛੱਡ ਕੇ ਕਿਲ੍ਹੇ ਦੇ ਸਿੰਘਾਂ ਨੂੰ ਆਪਣੇ ਜਥੇ ਸਮੇਤ ਜਾ ਮਿਲੇ। ਜਲੰਧਰ ਦੇ ਫ਼ੌਜਦਾਰ ਨੂੰ ਸਿੰਘਾਂ ਦਾ ਇਸ ਤਰ੍ਹਾਂ ਸਾਥ ਛੱਡ ਕੇ ਜਾਣਾ ਬਹੁਤ ਬੁਰਾ ਲੱਗਿਆ, ਪਰ ਉਹ ਕਰ ਕੁਝ ਨਾ ਸਕਿਆ। ਅਬਦਾਲੀ ਦੇ ਦੂਜੇ ਹਮਲੇ ਦੀ ਖ਼ਬਰ ਸੁਣ ਕੇ ਮੀਰ ਮੰਨੂ ਨੇ ਸਿੱਖਾਂ ਨਾਲ ਸੁਲ੍ਹਾ ਕਰ ਲਈ। ਗੜ੍ਹੀ ਦਾ ਘੇਰਾ ਉਠਾ ਲਿਆ। ਸਿੱਖਾਂ ਨੂੰ ਪੱਟੀ ਦੇ ਇਲਾਕੇ ਵਿਚ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ, ਜਿਸ ਨਾਲ ਸੂਬੇ ਵਿਚ ਸ਼ਾਂਤੀ ਹੋ ਗਈ।

ਦਸੰਬਰ 1751 ਈਸਵੀ ਵਿਚ ਅਬਦਾਲੀ ਦੇ ਤੀਜੇ ਹਮਲੇ ਸਮੇਂ, ਇੱਕ ਦਿਨ ਸਰਦਾਰ ਸੁੱਖਾ ਸਿੰਘ ਦਾ ਜਥਾ ਸ਼ਾਮ ਨੂੰ ਦਰਿਆ ਰਾਵੀ ਦੇ ਦੂਜੇ ਪਾਸੇ ਤੋਂ ਅਬਦਾਲੀ ਦੀ ਫ਼ੌਜ ਦੀ ਇੱਕ ਟੁਕੜੀ ਨਾਲ ਮੁਠ-ਭੇੜ ਪਿੱਛੋਂ ਆਪਣੇ ਡੇਰੇ ਨੂੰ ਆ ਰਿਹਾ ਸੀ ਕਿ ਉਸ ਉੱਪਰ ਲਾਹੌਰ ਦੀ ਫ਼ੌਜ ਨੇ ਤੋਪਾਂ ਦੇ ਗੋਲੇ ਵਰਸਾ ਦਿੱਤੇ। ਖ਼ਾਲਸਾ ਸਰਦਾਰ ਇਸ ਦੁਰਘਟਨਾ ਪਿੱਛੋਂ ਮੀਰ ਮੰਨੂ ਦਾ ਸਾਥ ਛੱਡ ਕੇ ਵਾਪਸ ਅੰਮ੍ਰਿਤਸਰ ਚਲੇ ਗਏ। 6 ਮਾਰਚ, 1752 ਈਸਵੀ ਨੂੰ ਜਲੰਧਰ ਦੇ ਫ਼ੌਜਦਾਰ ਨੇ ਦੀਵਾਨ ਕੌੜਾ ਮੱਲ ਨੂੰ ਇੱਕ ਪਠਾਣ ਪਾਸੋਂ ਮਰਵਾ ਦਿੱਤਾ, ਜਿਸ ਕਰਕੇ ਮੀਰ ਮੰਨੂ ਦੀ ਫ਼ੌਜ ਅਬਦਾਲੀ ਪਾਸੋਂ ਹਾਰ ਗਈ। ਮੀਰ ਮੰਨੂ ਨੇ ਸਿੰਘਾਂ ਨੂੰ ਆਪਣੀ ਹਾਰ ਦਾ ਜ਼ਿੰਮੇਵਾਰ ਠਹਿਰਾਇਆ ਤੇ ਸਿੱਖਾਂ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੇ ਮਗਰ ਪੈ ਗਿਆ।

ਮੀਰ ਮੰਨੂ ਨੇ ਸਿੱਖਾਂ ਦੀ ਜਾਗੀਰ ਜ਼ਬਤ ਕਰ ਲਈ ਤੇ ਸਿੱਖਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ। ਸਿੰਘ ਦਾ ਸਿਰ ਲੈ ਕੇ ਆਉਣ ਵਾਲੇ ਨੂੰ ਦਸ ਰੁਪਏ ਇਨਾਮ ਦੇਣ ਦਾ ਐਲਾਨ ਕਰ ਦਿੱਤਾ। ਸਿੰਘਾਂ ਤੇ ਉਨ੍ਹਾਂ ਦੇ ਬੀਵੀ ਬੱਚਿਆਂ ਦੀ ਸੂਹ ਦੇਣ ਵਾਲੇ ਨੂੰ ਇਨਾਮ ਦੇਣੇ ਸ਼ੁਰੂ ਕਰ ਦਿੱਤੇ। ਲੋਕੀ ਪੈਸੇ ਦੇ ਲਾਲਚ ਵਿਚ ਫਸ ਕੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਵਾਉਣ ਲੱਗੇ। ਲਾਹੌਰ ਲਿਆ ਕੇ ਸਿੰਘਾਂ ਨੂੰ ਕਤਲ ਕਰ ਦਿੱਤਾ ਜਾਂਦਾ ਤੇ ਉਨ੍ਹਾਂ ਦੇ ਬੀਵੀ ਬੱਚਿਆਂ ਨੂੰ ਜੇਲ੍ਹ ਵਿਚ ਡਕ ਦਿੱਤਾ ਜਾਂਦਾ, ਜਿੱਥੇ ਸਿੰਘਣੀਆਂ ਨੂੰ ਵੀਹ ਸੇਰ ਦਾਣੇ ਪੀਸਣ ਲਈ ਦਿੱਤੇ ਜਾਂਦੇ। ਜਿਹੜੀ ਬੀਬੀ ਨਾ ਪੀਸ ਸਕਦੀ, ਉਸਦੀ ਛਾਤੀ ਉੱਪਰ ਭਾਰੀ ਪੱਥਰ ਰਖਿਆ ਜਾਂਦਾ। ਉਨ੍ਹਾਂ ਬੀਬੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਸਾਹਮਣੇ ਨੇਜ਼ਿਆਂ ਉੱਪਰ ਟੰਗਿਆ ਜਾਂਦਾ। ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਤੇ ਫਿਰ ਹਾਰ ਬਣਾ ਕੇ ਉਨ੍ਹਾਂ ਦੇ ਗਲਾਂ ਵਿਚ ਪਾਏ ਜਾਂਦੇ। ਉਨ੍ਹਾਂ ਨੂੰ ਇੱਕ ਚੱਪਾ ਰੋਟੀ ਤੇ ਇੱਕ ਪਾਣੀ ਦਾ ਗਲਾਸ ਪੀਣ ਲਈ ਦਿੱਤਾ ਜਾਂਦਾ। ਉਹ ਬੀਬੀਆਂ ਪਰਮਾਤਮਾ ਦਾ ਹੁਕਮ ਮੰਨਦੀਆਂ ਹੋਈਆਂ ਸਭ ਕੁਝ ਬਰਦਾਸ਼ਤ ਕਰਦੀਆਂ ਰਹੀਆਂ। 4 ਨਵੰਬਰ, 1753 ਈਸਵੀ ਨੂੰ ਮੀਰ ਮੰਨੂ ਦੀ ਮੌਤ ਹੋ ਗਈ। ਉਸ ਪਿੱਛੋਂ ਸਿੰਘ, ਬੀਬੀਆਂ ਤੇ ਬੱਚਿਆਂ ਨੂੰ ਛੁਡਾ ਕੇ ਨਾਲ ਲੈ ਗਏ।

ਮੀਰ ਮੰਨੂ ਦਾ ਅੱਤਿਆਚਾਰ

Barbarity by Mir Mannu



Barbarity by Mir Mannu

Mir Mannu became the new Governor of Lahore and Multan on the 9th April, 1748 A.D. He appointed Kaura Mall as his new Diwan. After setting right the administration of his province, he deployed army patrol to finish the Sikhs of his province. The Sikhs left his territory and moved to other states. Sardar Jassa Singh Ramgarhia and his squad joined the army of the Commander of Jalandhar. The Sikhs gathered at Amritsar on the occasion of Diwali in 1748 A.D. When Mir Mannu came to know of the gathering of Sikhs, he sent his general with an army to blockade Amritsar and sent words to the Commander of Jalandhar, Adina Beg to take his army to help his general in finishing the Sikhs. Five hundred Singhs took shelter in the fort of Ram Rauni and the rest moved to the forests. The combined forces of Lahore and Jalandhar surrounded the fort. The Singhs inside the fort did not surrender even after two months of siege. Sardar Jassa Singh Ramgarhia was in the army who was in siege of the fort, with his squad. One day he deserted the royal army and joined the Singhs inside the fort with his squad. The Commander of Jalandhar felt the departure of the Singhs in this manner very much but could do nothing. Hearing the news of the second invasion of Abdali, Mir Mannu made peace with the Sikhs and sanctioned an estate in Patti area for their livelihood.

During the third invasion of Abdali, one day in December, 1751 A.D., when the party of Sardar Sukha Singh's squad was returning to his camp in the evening after a fight with a detachment of Abdali's troops, the artillery of Lahore made the party a target of their gun-shells. The army of the Dal Khalsa left the company of Mir Mannu after this mishap. The Commander of Jalandhar got Diwan Kaura Mall murdered at the hands of a Pathan on the 6th March, 1752 A.D., that resulted Mir Mannu's defeat in the battle. Mir Mannu held the desertion of the Dal Khalsa responsible for his defeat. He again planned to finish the Sikhs of his province.

Mir Mannu confiscated the estate of the Sikhs and deployed army patrols to eliminate them. He announced a reward of rupees ten for the person who brought a Singh's head. He also began to reward the informers for giving the whereabout of Singhs and their families. People in greed were getting Singhs and their families arrested. They were brought to Lahore where Singhs were beheaded and their families were put in jails. Every woman was given forty pounds of grain to grind. A very heavy stone was placed on the chest of one who could not grind. Their children were transfixed on javelins before their very eyes. Their children were cut into pieces and garlands of those pieces were put around their mothers' necks. They were given a quarter of a chapati to eat and a bowl of water in the whole day. Bowing to the will of God, those tolerated it all. On the 4th November, 1753 A.D., Mir Mannu died. After his death, Singhs set the prisoners free and took them away.


ਬਾਬਾ ਦੀਪ ਸਿੰਘ
Baba Deep Singh

ਬਾਬਾ ਦੀਪ ਸਿੰਘ

ਬਾਬਾ ਦੀਪ ਸਿੰਘ ਦਾ ਜਨਮ 20 ਜਨਵਰੀ, 1682 ਈਸਵੀ ਨੂੰ ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤੂ ਦੇ ਘਰ ਹੋਇਆ। 1700 ਈਸਵੀ ਦੀ ਵਿਸਾਖੀ ਉੱਪਰ ਉਹ ਅਨੰਦਪੁਰ ਗਏ, ਜਿੱਥੇ ਉਨ੍ਹਾਂ ਨੇ ਅੰਮ੍ਰਿਤ ਛਕਣ ਪਿੱਛੋਂ ਸ਼ਸਤਰ-ਵਿੱਦਿਆ ਤੇ ਘੋੜ-ਸਵਾਰੀ ਸਿੱਖਣੀ ਆਰੰਭ ਕਰ ਦਿੱਤੀ। ਭਾਈ ਮਨੀ ਸਿੰਘ ਪਾਸੋਂ ਉਨ੍ਹਾਂ ਗੁਰਮੁਖੀ ਪੜ੍ਹਨੀ, ਲਿਖਣੀ ਤੇ ਬਾਣੀ-ਵਿਚਾਰ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ। ਦੋ ਸਾਲ ਗੁਰੂ-ਘਰ ਰਹਿਣ ਪਿੱਛੋਂ, 1703 ਈਸਵੀ ਵਿਚ ਪਿਤਾ ਦੇ ਨਾਲ ਵਾਪਸ ਪਿੰਡ ਪੁੱਜ ਕੇ ਸ਼ਾਦੀ ਕਰ ਕੇ ਰਹਿਣ ਲੱਗੇ। 1705 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਦਮਦਮਾ ਸਾਹਿਬ ਪਹੁੰਚ ਗਏ, ਜਿੱਥੇ ਉਨ੍ਹਾਂ ਨੇ ਭਾਈ ਮਨੀ ਸਿੰਘ ਦੀ, ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨ ਵਿਚ ਮਦਦ ਕੀਤੀ। ਗੁਰੂ ਜੀ ਦੇ ਦਿੱਲੀ ਨੂੰ ਜਾਣ ਪਿੱਛੋਂ ਉਨ੍ਹਾਂ ਨੇ ਦਮਦਮਾ ਸਾਹਿਬ ਗੁਰਦੁਆਰੇ ਦੀ ਸੇਵਾ ਸੰਭਾਲ ਲਈ।

1709 ਈਸਵੀ ਵਿਚ ਉਨ੍ਹਾਂ ਨੇ ਸਢੌਰਾ ਤੇ ਸਰਹੰਦ ਦੇ ਜ਼ਾਲਮਾਂ ਨੂੰ ਸੋਧਣ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। 1733 ਈਸਵੀ ਵਿਚ ਨਵਾਬ ਕਪੂਰ ਸਿੰਘ ਨੇ ਉਨ੍ਹਾਂ ਨੂੰ ਇੱਕ ਜਥੇ ਦਾ ਮੁਖੀ ਥਾਪ ਦਿੱਤਾ। 1748 ਈਸਵੀ ਦੀ ਵਿਸਾਖੀ ਨੂੰ ਜਦੋਂ ਦਲ ਖ਼ਾਲਸਾ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ ਤਾਂ ਉਨ੍ਹਾਂ ਨੂੰ ਸ਼ਹੀਦਾਂ ਦੀ ਮਿਸਲ ਦੀ ਜਥੇਦਾਰੀ ਸੌਂਪੀ ਗਈ। ਅਪ੍ਰੈਲ 1757 ਈਸਵੀ ਵਿਚ ਅਬਦਾਲੀ, ਚੌਥੇ ਹਮਲੇ ਸਮੇਂ, ਦਿੱਲੀ ਤੋਂ ਲੁੱਟ ਦਾ ਕੀਮਤੀ ਸਾਮਾਨ ਤੇ ਬਹੁਤ ਸਾਰੇ ਨੌਜਵਾਨਾਂ ਤੇ ਇਸਤ੍ਰੀਆਂ ਨੂੰ ਬੰਦੀ ਬਣਾ ਕੇ, ਕਾਬਲ ਨੂੰ ਲੈ ਕੇ ਜਾ ਰਿਹਾ ਸੀ, ਸਿੰਘਾਂ ਨੇ ਉਸ ਪਾਸੋਂ ਕੀਮਤੀ ਸਾਮਾਨ ਖੋਹਣ ਤੇ ਬੰਦੀਆਂ ਨੂੰ ਛੁਡਾਉਣ ਦੀ ਵਿਉਂਤ ਬਣਾ ਲਈ। ਬਾਬਾ ਦੀਪ ਸਿੰਘ ਦੇ ਜਥੇ ਦੀ ਡਿਊਟੀ ਕੁਰਕਸ਼ੇਤਰ ਦੇ ਨੇੜੇ ਲੱਗੀ। ਉਨ੍ਹਾਂ ਦੇ ਜਥੇ ਨੇ ਬਹੁਤ ਸਾਰੇ ਬੰਦੀਆਂ ਨੂੰ ਛੁਡਾਇਆ ਤੇ ਅਬਦਾਲੀ ਦਾ ਕਾਫ਼ੀ ਭਾਰ ਹੌਲਾ ਕਰ ਦਿੱਤਾ। ਅਬਦਾਲੀ ਲਾਹੌਰ ਤੋਂ ਜਾਣ ਲੱਗਿਆਂ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਥਾਪ ਕੇ ਕਹਿ ਗਿਆ, "ਸਿੱਖਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ।" ਤੈਮੂਰ ਸ਼ਾਹ ਨੇ ਪਿਤਾ ਦੇ ਹੁਕਮ ਅਨੁਸਾਰ ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿੱਤੇ ਤੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਮਲਬੇ ਨਾਲ ਭਰਵਾਉਣਾ ਚਾਲੂ ਕਰ ਦਿੱਤਾ।

ਬਾਬਾ ਦੀਪ ਸਿੰਘ ਨੂੰ ਜਦੋਂ ਹਰਿਮੰਦਰ ਸਾਹਿਬ ਦੇ ਢਾਹੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਦਮਦਮੇ ਸਾਹਿਬ ਦੀ ਸੰਗਤ ਨੂੰ ਸਾਰੀ ਕਹਾਣੀ ਦੱਸਣ ਪਿੱਛੋਂ ਕਿਹਾ, "ਇਸ ਸਾਲ ਦੀ ਦੀਵਾਲੀ ਅੰਮ੍ਰਿਤਸਰ ਮਨਾਈ ਜਾਵੇਗੀ।" ਉਨ੍ਹਾਂ ਦੇ ਨਾਲ ਜਾਣ ਲਈ ਪੰਜ ਸੌ ਸਿੰਘ ਤਿਆਰ ਹੋ ਗਏ। ਬਾਬਾ ਦੀਪ ਸਿੰਘ ਨੇ ਅੰਮ੍ਰਿਤਸਰ ਨੂੰ ਚੱਲਣ ਤੋਂ ਪਹਿਲਾਂ ਅਰਦਾਸ ਕੀਤੀ, "ਮੇਰਾ ਸੀਸ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਲੱਗੇ।" ਤਰਨ ਤਾਰਨ ਪੁੱਜਣ ਤੱਕ ਉਨ੍ਹਾਂ ਦੇ ਜਥੇ ਦੇ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ।

ਲਾਹੌਰ ਦੇ ਸੂਬੇਦਾਰ ਨੇ ਸਿੰਘਾਂ ਨੂੰ ਆਉਂਦੇ ਸੁਣ ਕੇ, ਆਪਣੇ ਸੈਨਾਪਤੀ ਨੂੰ ਵੀਹ ਹਜ਼ਾਰ ਫ਼ੌਜ ਦੇ ਕੇ ਉਨ੍ਹਾਂ ਦੇ ਟਾਕਰੇ ਲਈ ਭੇਜ ਦਿੱਤਾ। ਉਹ ਆਪਣੀ ਫ਼ੌਜ ਲੈ ਕੇ ਅੰਮ੍ਰਿਤਸਰ ਤੋਂ ਛੇ ਮੀਲ ਉੱਤਰ ਵੱਲ ਮੋਰਚੇ ਮੱਲ ਕੇ ਬੈਠ ਗਿਆ ਤੇ ਸਿੰਘਾਂ ਦੀ ਉਡੀਕ ਕਰਨ ਲੱਗਾ। 11 ਨਵੰਬਰ, 1757 ਈਸਵੀ ਨੂੰ ਗੋਲ੍ਹਵੜ ਦੇ ਨੇੜੇ ਦਲਾਂ ਦਾ ਭੇੜ ਹੋ ਗਿਆ। ਸਿੰਘ ਲੜਦੇ ਲੜਦੇ ਫ਼ੌਜ ਨੂੰ ਧਕੇਲਦੇ ਹੋਏ ਅੰਮ੍ਰਿਤਸਰ ਦੇ ਨੇੜੇ ਚੱਬੇ ਪਿੰਡ ਕੋਲ ਪੁੱਜ ਗਏ, ਜਿੱਥੇ ਜਰਨੈਲ ਅਤਾਈ ਖ਼ਾਨ ਨੇ ਅੱਗੇ ਵਧ ਕੇ ਬਾਬਾ ਦੀਪ ਸਿੰਘ ਉੱਪਰ ਵਾਰ ਕੀਤਾ, ਜਿਸ ਨਾਲ ਉਨ੍ਹਾਂ ਦਾ ਸਿਰ ਇੱਕ ਪਾਸੇ ਨੂੰ ਲਟਕ ਗਿਆ। ਉਨ੍ਹਾਂ ਨੂੰ ਇੱਕ ਸਿੱਖ ਨੇ ਯਾਦ ਕਰਵਾਇਆ ਕਿ ਤੁਸੀਂ ਤਾਂ ਪ੍ਰਣ ਸਰੋਵਰ ਦੀ ਪਰਕਰਮਾ ਤਕ ਪੁੱਜਣ ਦਾ ਕੀਤਾ ਸੀ। ਸਿੱਖ ਦੇ ਬਚਨ ਸੁਣ ਕੇ, ਉਨ੍ਹਾਂ ਨੇ ਖੱਬੇ ਹੱਥ ਨਾਲ ਸੀਸ ਨੂੰ ਸਹਾਰਾ ਦਿੱਤਾ ਤੇ ਸੱਜੇ ਹੱਥ ਵਿਚਲੇ ਖੰਡੇ ਨਾਲ ਵੈਰੀਆਂ ਨੂੰ ਰਸਤੇ ਵਿਚੋਂ ਪਾਸੇ ਕਰਦੇ, ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਪੁੱਜ ਕੇ, ਪ੍ਰਾਣ ਤਿਆਗ ਦਿੱਤੇ। ਸਿੰਘਾਂ ਨੇ 1757 ਈਸਵੀ ਦੀ ਦੀਵਾਲੀ ਹਰਿਮੰਦਰ ਸਾਹਿਬ ਮਨਾਈ।

Baba Deep Singh

Baba Deep Singh was born on the 20th January, 1682 A.D., in village Pahuwind district Amritsar and his father's name was Bhai Bhagtu. He went to Anandpur on the Vaisakhi of 1700 A.D., where after obtaining baptism, he started learning weaponry and riding from the Sikhs. From Bhai Mani Singh he began learning reading and writing Gurmukhi and interpretation of the Guru's word. After spending two years at the Guru's institution, he returned to his village in 1703 A.D., got married and started living there. He went to Guru Gobind Singh at Talwandi Sabo in 1705 A.D., where he helped Bhai Mani Singh in making copies of Guru Granth Sahib. After the Guru left for Delhi, he took up the service of looking after Gurdwara Damdama Sahib.

In 1709 A.D., he joined Baba Banda Singh Bahadur in chastising the tyrants of Sadhaura and Sirhind. In 1733 A.D., Nawab Kapoor Singh appointed him a leader of one squad. On Vaisakhi day of 1748 A.D., when Dal Khalsa was reorganised into twelve Misls, he was entrusted with the leadership of Shaheedan Misl. In April 1757 A.D., Abdali, during his fourth invasion was returning to Kabul from Delhi with precious booty and young men and women as captives, Singhs made a plan to rob him of the valuables and set the prisoners free. The squad of Baba Deep Singh was deployed near Kurukshetra. His squad freed a large number of prisoners and lightened the burden of valuables of Abdali considerably. While departing from Lahore, Abdali appointed his son Taimur Shah, the Governor of Lahore and told him, "Try to finish the Sikhs." In accordance with his orders, Taimur Shah started demolishing Gurdwaras and filling the holy pools with debris.

When Baba Deep Singh came to know of the demolition of Harmandir Sahib, he narrated it to the congregation of Damdama Sahib and said, "Diwali will be celebrated at Amritsar this year." Five hundred Singhs came forward to go with him. Baba Deep Singh offered prayer before starting for Amritsar, "My head may fall at Harmandir Sahib." By the time the squad reached Tarn Taran, the number of Singhs going with Baba Deep Singh reached five thousand.

At the news of the approach of the Singhs, the Governor of Lahore sent his general with an army of twenty thousand to face them. His army took up positions six miles North of Amritsar and waited for the Singhs there. Both the armies clashed near Gohalwar on the 11th November, 1757 A.D. Fighting bravely the Singhs pushed the army back and reached village Chabba where General Attai Khan came forward and inflicted a blow on Baba Deep Singh which made his neck lean to one side. A Sikh reminded him, "You had resolved to reach the periphery of the pool." On hearing the talk of the Sikh, he supported his head with his left hand and removing the enemies from his way with the strokes of his double-edged sword with his right hand, reached the periphery of Harmandir Sahib where he breathed his last. The Singhs celebrated the Diwali of 1757 A.D., in Harmandir Sahib.

ਵੱਡਾ ਘੱਲੂਘਾਰਾ

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੰਜਵੇਂ ਹਮਲੇ ਸਮੇਂ 13 ਜਨਵਰੀ, 1761 ਈਸਵੀ ਨੂੰ ਪਾਣੀਪਤ ਦੀ ਤੀਜੀ ਜੰਗ ਵਿਚ ਮਰਹੱਟਿਆਂ ਨੂੰ ਬੜੀ ਬੁਰੀ ਹਾਰ ਦਿੱਤੀ। ਉਸ ਪਿੱਛੋਂ ਉਸਨੇ ਦਿੱਲੀ ਨੂੰ ਆਪਣੀ ਮਰਜ਼ੀ ਨਾਲ ਲੁੱਟਿਆ। 22 ਮਾਰਚ, 1761 ਈਸਵੀ ਨੂੰ ਉਹ ਲੁੱਟ ਦਾ ਸਾਮਾਨ ਤੇ ਬਾਈ ਹਜ਼ਾਰ ਨੌਜੁਆਨ ਮਰਦ ਤੇ ਇਸਤ੍ਰੀਆਂ ਨੂੰ ਬੰਦੀ ਬਣਾ ਕੇ ਵਾਪਸ ਮੁੜਿਆ। ਅਪ੍ਰੈਲ 1761 ਵਿਚ ਉਹ ਦਰਿਆ ਸਤਲੁਜ ਟੱਪਿਆ ਤਾਂ ਸਿੰਘਾਂ ਨੇ ਉਸਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਤੇ ਬੰਦੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੀਂ ਵਾਪਸ ਪਹੁੰਚਾਉਣ ਲੱਗੇ। ਅਬਦਾਲੀ ਨੇ ਲਾਹੌਰ ਪੁੱਜ ਕੇ ਸਿੰਘਾਂ ਨੂੰ ਫੜਨ ਲਈ ਫ਼ੌਜ ਭੇਜੀ। ਫ਼ੌਜ ਨੂੰ ਉਸ ਵਿਚ ਕੋਈ ਸਫਲਤਾ ਨਾ ਹੋਈ। ਮਈ 1761 ਈਸਵੀ ਵਿਚ ਅਬਦਾਲੀ ਲਾਹੌਰ ਤੋਂ ਕਾਬਲ ਨੂੰ ਤੁਰਿਆ। ਸਿੰਘਾਂ ਨੇ ਫਿਰ ਉਸਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਤੇ ਬੰਦੀਆਂ ਨੂੰ ਛੁਡਾਉਣਾ। ਅਬਦਾਲੀ ਦੇ ਦਰਿਆ ਅੱਟਕ ਤੱਕ ਪੁੱਜਣ ਤਕ ਸਿੰਘਾਂ ਨੇ ਉਸ ਪਾਸੋਂ ਸਾਰੇ ਬੰਦੀ ਛੁਡਾ ਲਏ ਤੇ ਉਸ ਪਾਸੋਂ ਲੁੱਟ ਦਾ ਮਾਲ ਵੀ ਕਾਫ਼ੀ ਖੋਹ ਲਿਆ।

ਸਿੰਘਾਂ ਨੇ ਦਰਿਆ ਅੱਟਕ ਤੋਂ ਵਾਪਸ ਆਉਂਦੇ ਹੋਏ ਗੁਜਰਾਤ, ਸਿਆਲਕੋਟ, ਸਰਹਿੰਦ ਤੇ ਮਲੇਰਕੋਟਲੇ ਨੂੰ ਲੁੱਟਿਆ। 22 ਅਕਤੂਬਰ, 1761 ਈਸਵੀ ਨੂੰ ਦੀਵਾਲੀ ਵਾਲੇ ਦਿਨ ਸਾਰੇ ਸਿੱਖ ਸਰਦਾਰ ਅੰਮ੍ਰਿਤਸਰ ਇਕੱਠੇ ਹੋਏ। ਉਨ੍ਹਾਂ ਨੇ ਗੁਰਮਤਾ ਪਾਸ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਲਾਹੌਰ ਨੂੰ ਜਾ ਕੇ ਘੇਰਾ ਪਾ ਲਿਆ। ਸੂਬੇਦਾਰ ਉਬੈਦ ਖ਼ਾਨ ਨੇ ਕਿਲ੍ਹੇ ਵਿਚ ਜਾ ਕੇ ਪਨਾਹ ਲੈ ਲਈ। ਸਿੰਘਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਸਿੱਖਾਂ ਦੇ ਵੈਰੀ ਆਕਲ ਦਾਸ ਨੇ, ਅਬਦਾਲੀ ਨੂੰ ਬੜੀ ਜਲਦੀ ਹਮਲਾ ਕਰਨ ਦੀ ਬੇਨਤੀ ਕਰ ਕੇ ਉਸ ਵੱਲ ਆਪਣਾ ਆਦਮੀ ਭੇਜ ਦਿੱਤਾ। ਅਬਦਾਲੀ ਦੇ ਪੁੱਜਣ ਤੋਂ ਪਹਿਲਾਂ, ਸਿੱਖ ਸਰਦਾਰਾਂ ਨੇ ਆਪਣੇ ਪਰਵਾਰਾਂ ਨੂੰ ਸੁਰੱਖਿਆ ਵਾਲੀ ਥਾਂ ਛੱਡਣ ਦਾ ਫ਼ੈਸਲਾ ਕੀਤਾ ਤੇ ਪਰਵਾਰਾਂ ਨੂੰ ਨਾਲ ਲੈ ਕੇ ਮਾਲਵੇ ਵੱਲ ਨੂੰ ਚਲ ਪਏ।

ਆਕਲ ਦਾਸ ਦਾ ਸੁਨੇਹਾ ਮਿਲਣ ਉੱਪਰ ਅਬਦਾਲੀ 3 ਫ਼ਰਵਰੀ, 1762 ਈਸਵੀ ਨੂੰ ਲਾਹੌਰ ਪੁੱਜ ਗਿਆ। ਉਸਨੇ ਸਰਹਿੰਦ ਤੇ ਮਲੇਰਕੋਟਲੇ ਦੇ ਫ਼ੌਜਦਾਰਾਂ ਨੂੰ ਸਿੱਖਾਂ ਦਾ ਰਾਹ ਰੋਕਣ ਲਈ ਸੁਨੇਹੇ ਭੇਜ ਦਿੱਤੇ। 5 ਫ਼ਰਵਰੀ ਨੂੰ ਅਬਦਾਲੀ ਨੇ ਕੁਪ ਪਿੰਡ ਦੇ ਨੇੜੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਰਹਿੰਦ ਦੇ ਫ਼ੌਜਦਾਰ ਕਾਸਮ ਖ਼ਾਨ ਨੇ ਸਿੱਖਾਂ ਦਾ ਰਸਤਾ ਅੱਗੋਂ ਰੋਕ ਲਿਆ। ਸਿੱਖਾਂ ਨੇ ਉਸਦਾ ਮੂੰਹ-ਤੋੜਵਾਂ ਜਵਾਬ ਦਿੱਤਾ ਤਾਂ ਉਹ ਮਲੇਰਕੋਟਲੇ ਵੱਲ ਭੱਜ ਗਿਆ। ਅਜੇ ਸਿੱਖ ਤਿੰਨ ਮੀਲ ਹੀ ਅੱਗੇ ਨੂੰ ਵਧੇ ਸਨ ਕਿ ਸਰਹਿੰਦ ਦਾ ਸੂਬੇਦਾਰ ਜੈਨ ਖ਼ਾਨ ਤੇ ਸ਼ਾਹ ਵਲੀ ਖ਼ਾਨ ਆ ਪਏ। ਇਸ ਹਮਲੇ ਨਾਲ ਸਿੱਖਾਂ ਦੇ ਪੈਰ ਉੱਖੜ ਗਏ। ਪਰਵਾਰਾਂ ਦੇ ਦੁਆਲੇ ਕੀਤੀ ਵਾੜ ਟੁੱਟ ਗਈ, ਜਿਸ ਨਾਲ ਟੱਬਰਾਂ ਦੇ ਟੱਬਰ ਮਾਰੇ ਗਏ। ਸਿੰਘਾਂ ਨੇ ਇਸ ਤਰ੍ਹਾਂ ਦਾ ਨੁਕਸਾਨ ਹੁੰਦੇ ਹੋਏ ਵੀ ਹੌਸਲੇ ਨਾ ਛੱਡੇ। ਸਿੱਖ ਲਗਾਤਾਰ ਬਰਨਾਲੇ ਵੱਲ ਨੂੰ ਵਧਦੇ ਗਏ। ਸ਼ਾਮ ਤਕ ਸਿੱਖ ਕੁਤਬੇ ਬਾਹਮਣੀ ਪਿੰਡ ਪੁੱਜ ਗਏ। ਉੱਥੇ ਢਾਬ, ਉੱਪਰ ਉਹ ਪਾਣੀ ਪੀਣ ਲੱਗ ਪਏ। ਫ਼ੌਜ ਜਦੋਂ ਪਾਣੀ ਪੀਣ ਲਈ ਢਾਬ ਵੱਲ ਨੂੰ ਵਧਣ ਲੱਗੀ ਤਾਂ ਸਿੰਘਾਂ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ। ਫ਼ੌਜ ਨੂੰ ਤਦ ਤਕ ਪਾਣੀ ਨਾ ਪੀਣ ਦਿੱਤਾ, ਜਦ ਤਕ ਸਾਰੇ ਸਿੱਖ ਪਰਵਾਰ ਪਾਣੀ ਨਾ ਪੀ ਹਟੇ ਤੇ ਅੱਗੇ ਨੂੰ ਨਾ ਚਲ ਪਏ। ਸਿੱਖਾਂ ਦੇ ਢਾਬ ਉਪਰੋਂ ਚਲੇ ਜਾਣ ਪਿੱਛੋਂ ਫ਼ੌਜ ਨੇ ਢਾਬ ਤੋਂ ਪਾਣੀ ਪੀਤਾ। ਫ਼ੌਜਾਂ ਦੇ ਪਾਣੀ ਪੀਂਦੇ ਪੀਂਦੇ ਸਿੱਖ ਬਹੁਤ ਦੂਰ ਲੰਘ ਗਏ। ਹਨੇਰਾ ਹੋਣ ਕਾਰਨ ਅਬਦਾਲੀ ਨੇ ਸਿੱਖਾਂ ਦਾ ਪਿੱਛਾ ਕਰਨ ਦਾ ਖ਼ਿਆਲ ਛੱਡ ਦਿੱਤਾ। ਸਿੱਖ ਰਾਤ ਨੂੰ ਚਲਦੇ-ਚਲਦੇ ਕੋਟਕਪੂਰੇ, ਫ਼ਰੀਦਕੋਟ ਵੱਲ ਨਿਕਲ ਗਏ।

ਇਸ ਵੱਡੇ ਘੱਲੂਘਾਰੇ ਵਿਚ, ਇੱਕ ਦਿਨ ਵਿਚ ਦਸ ਬਾਰਾਂ ਹਜ਼ਾਰ ਸਿੰਘ ਸ਼ਹੀਦ ਹੋਏ ਤੇ ਕੋਈ ਵੀਹ ਹਜ਼ਾਰ ਬਾਲ ਬੱਚੇ ਤੇ ਇਸਤ੍ਰੀਆਂ ਕਤਲ ਕੀਤੇ ਗਏ। ਹਰ ਸਿੱਖ ਨੂੰ ਥੋੜ੍ਹੇ ਜਾਂ ਬਹੁਤੇ ਜ਼ਖ਼ਮ ਜ਼ਰੂਰ ਆਏ।

ਵੱਡਾ ਘੱਲੂਘਾਰਾ

The Greater Holocaust



The Greater Holocaust

Ahmad Shah Abdali during his fifth invasion defeated Marathas in the battle of Panipat on the 13th January, 1761 A.D., and plundered Delhi at will. He started back on 22nd March, 1761 A.D., with his booty and thousands of young men and women as captives. When he crossed river Sutlej in April 1761 A.D., the Singhs started looting him and setting the prisoners free and sending them back to their homes. After reaching Lahore, Abdali sent army to arrest the Singhs but there was no success. Abdali left Lahore for Kabul in May 1761 A.D. The Singhs again started looting him and freeing the captives. Before he reached river Attak, the Singhs were able to free all the captives and snatch much of the booty.


On their way back from river Attak, the Singhs looted Gujrat, Sialkot, Sirhind and Malerkotla turn by turn. All the Sikh chiefs met at Amritsar on the occasion of Diwali on the 22nd October, 1761 A.D. They passed a resolution and besieged Lahore under the leadership of Sardar Jassa Singh Ahluwalia. Governor Ubaid Khan took shelter in the fort. The Singhs occupied the city. Aqil Dass of Jandiala, an enemy of the Sikhs, sent his horseman to Abdali with a request for attack. For the purpose of leaving their families in safe area before the arrival of Abdali, the Sikhs proceeded with them towards Malwa.

Getting the message of Aqil Dass, Abdali reached Lahore on the 3rd February, 1762 A.D. He sent messages to the Commanders of Sirhind and Malerkotla to block the passage of the Sikhs. On the 5th February, Abdali mounted an attack on the Sikhs near village Kup. The Commander of Sirhind, Kasam Khan blocked the passage of the Sikhs. When the Sikhs gave a befitting reply, he ran towards Malerkotla. The Sikhs had hardly advanced three miles when Jain Khan, the Governor of Sirhind and Shah Wali Khan came forward. With that raid, the Sikhs were uprooted. Their wall of safety around the families was broken due to which a large number of families were killed. Inspite of these losses, the Singhs did not lose courage. They continued to march towards Barnala with the caravan. By evening, they reached village Kutabe Bahmani, there the Sikhs started to quench their thirst from the pool. When the army tried to reach the pool to drink water, the Singhs stood in their way. They did not allow the army to pass until the whole of the caravan had quenched their thirst and moved forward. After the Sikhs had gone, the army was able to reach the pool. During the time, Abdali's army was drinking water from the pool, the Sikhs had gone far away. Due to the night-fall, Abdali abandoned to pursue the Sikhs. Moving ahead even during the night, the Sikhs went towards Kotkapura and Faridkot.

In this greater holocaust, ten to twelve thousand Singhs attained martyrdom and about twenty thousand women and children were murdered. Every Singh had suffered some injury that day.

ਬਾਬਾ ਰਾਮ ਸਿੰਘ ਨਾਮਧਾਰੀ

Baba Ram Singh Namdhari



ਬਾਬਾ ਰਾਮ ਸਿੰਘ ਨਾਮਧਾਰੀ

ਬਾਬਾ ਰਾਮ ਸਿੰਘ ਦਾ ਜਨਮ 3 ਫ਼ਰਵਰੀ, 1816 ਈਸਵੀ ਨੂੰ ਪਿੰਡ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਣੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਭਾਈ ਜੱਸਾ ਸਿੰਘ ਤਰਖਾਣਾ ਕੰਮ ਕਰਦੇ ਸਨ। ਉਨ੍ਹਾਂ ਦਾ ਭਣਵਈਆ ਸ: ਕਾਬਲ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਤੋਪਖ਼ਾਨੇ ਵਿਚ ਤੋਪਚੀ ਸੀ। ਉਸਨੇ 1837 ਈਸਵੀ ਵਿਚ ਬਾਬਾ ਰਾਮ ਸਿੰਘ ਨੂੰ ਆਪਣੇ ਨਾਲ ਲਾਹੌਰ ਲਿਜਾ ਕੇ ਕੰਵਰ ਨੌਨਿਹਾਲ ਸਿੰਘ ਦੀ ਰੈਜਮੈਂਟ ਵਿਚ ਭਰਤੀ ਕਰਵਾ ਦਿੱਤਾ। 18 ਦਸੰਬਰ, 1845 ਈਸਵੀ ਨੂੰ ਸਿੱਖ ਫ਼ੌਜ ਮੁਦਕੀ ਦੇ ਮੈਦਾਨ ਵਿਚ, ਕੁਝ ਸਿੱਖ ਜਰਨੈਲਾਂ ਦੇ ਅੰਗਰੇਜ਼ਾਂ ਨਾਲ ਨੀਚ ਗੱਠ ਜੋੜ ਦੇ ਕਾਰਨ ਹਾਰ ਗਈ ਸੀ। ਬਾਬਾ ਰਾਮ ਸਿੰਘ ਸਿੱਖ ਫ਼ੌਜ ਦੀ ਇਸ ਤਰ੍ਹਾਂ ਦੀ ਹਾਰ ਬਰਦਾਸ਼ਤ ਨਾ ਕਰ ਸਕੇ। ਉਹ ਸਿੱਧੇ ਮੁਦਕੀ ਤੋਂ ਫ਼ੌਜ ਦੀ ਨੌਕਰੀ ਛੱਡ ਕੇ ਆਪਣੇ ਪਿੰਡ ਭੈਣੀ ਆ ਗਏ।

ਬਾਬਾ ਰਾਮ ਸਿੰਘ ਨੇ ਪਿੰਡ ਪੁੱਜ ਕੇ ਪ੍ਰਚਾਰ ਆਰੰਭ ਕਰ ਦਿੱਤਾ, "ਇੱਕ ਅਕਾਲ ਪੁਰਖ ਦੀ ਪੂਜਾ, ਗੋਰ (ਮੜ੍ਹੀ) ਦਾ ਤਿਆਗ, ਨਸ਼ਿਆਂ ਤੋਂ ਦੂਰ ਰਹਿਣਾ, ਮਾਸ ਦਾ ਤਿਆਗ, ਵਿਆਹ ਉੱਪਰ ਘੱਟ ਤੋਂ ਘੱਟ ਖ਼ਰਚ ਕਰਨਾ ਤੇ ਵਿਧਵਾ ਦਾ ਵਿਆਹ ਕਰਨਾ ਆਦਿ।" ਉਹ ਕਿਹਾ ਕਰਦੇ ਸਨ, "ਮੈਂ ਇੱਕ ਹੁਕਮੀ ਬੰਦਾ ਹਾਂ ਜਾਂ ਰਪੋਟੀਆ ਹਾਂ। ਮੈਂ ਗੁਰੂ ਨਹੀਂ।" ਉਨ੍ਹਾਂ ਦੇ ਸ਼ਰਧਾਲੂ ਆਪਣੇ ਆਪ ਨੂੰ ਨਾਮਧਾਰੀ ਅਖਵਾਉਣ ਲੱਗੇ। ਗੁਰਦੁਆਰਿਆਂ ਦੇ ਮਹੰਤਾਂ ਤੇ ਪੁਜਾਰੀਆਂ ਦੇ ਸੁਧਾਰ ਦੇ ਬਾਬਾ ਰਾਮ ਸਿੰਘ ਹਾਮੀ ਸਨ, ਜਿਸ ਕਾਰਨ ਮਹੰਤ ਤੇ ਪੁਜਾਰੀ ਉਨ੍ਹਾਂ ਦੇ ਖ਼ਿਲਾਫ਼ ਸਨ। ਉਹ ਹਰ ਸਾਲ ਦੀਵਾਲੀ ਜਾਂ ਵਿਸਾਖੀ ਦੇ ਮੇਲੇ ਉੱਪਰ ਅੰਮ੍ਰਿਤਸਰ ਪੁੱਜ ਕੇ ਆਪਣੇ ਵਿਚਾਰ ਸੰਗਤ ਵਿਚ ਪੇਸ਼ ਕਰਦੇ ਸਨ। ਉਨ੍ਹਾਂ ਦੇ ਸੁਣਨ ਵਾਲਿਆਂ ਦੀ ਗਿਣਤੀ ਵੀਹ-ਵੀਹ ਹਜ਼ਾਰ ਤਕ ਪੁੱਜ ਜਾਂਦੀ ਸੀ। ਉਨ੍ਹਾਂ ਨੇ 1848 ਈਸਵੀ ਵਿਚ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਦਾ ਅੰਦੋਲਨ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਵਿਦੇਸ਼ੀ ਵਸਤੂਆਂ ਤੇ ਸਰਕਾਰੀ ਮਹਿਕਮਿਆਂ ਦੇ ਬਾਈਕਾਟ ਕਰਨ ਦੀ ਪ੍ਰੇਰਨਾ ਕੀਤੀ, ਜਿਸ ਨਾਲ ਲੋਕਾਂ ਨੇ ਵਿਦੇਸ਼ੀ ਕਪੜਾ ਖ਼ਰੀਦਣਾ ਬੰਦ ਕਰ ਦਿੱਤਾ, ਕਚਹਿਰੀਆਂ ਵਿਚ ਮੁਕੱਦਮੇ ਦੇਣੇ ਛੱਡ ਦਿੱਤੇ ਤੇ ਪਿੰਡਾਂ ਵਿਚ ਹੀ ਫ਼ੈਸਲੇ ਕਰਨ ਲੱਗੇ।

ਬਾਬਾ ਰਾਮ ਸਿੰਘ ਦੇ ਬਾਈਕਾਟ ਅੰਦੋਲਨ ਦਾ ਸਰਕਾਰੀ ਕਾਰ-ਵਿਹਾਰ ਉੱਪਰ ਬਹੁਤ ਵੱਡਾ ਅਸਰ ਪਿਆ। 1863 ਈਸਵੀ ਵਿਚ ਸਰਕਾਰ ਨੇ ਭੈਣੀ ਪਿੰਡ ਵਿਚ ਪੁਲੀਸ ਚੌਕੀ ਬਿਠਾ ਦਿੱਤੀ। ਸਿੱਖ ਰਾਜ ਸਮੇਂ ਅੰਮ੍ਰਿਤਸਰ ਵਿਚ ਗਊ-ਹੱਤਿਆ ਦੀ ਮਨਾਹੀ ਸੀ। 1870 ਈਸਵੀ ਵਿਚ ਕਿਸੇ ਨੇ ਅੰਮ੍ਰਿਤਸਰ ਵਿਚ ਝੂਠੀ ਅਫ਼ਵਾਹ ਉੱਡਾ ਦਿੱਤੀ ਕਿ ਗੁਰੂ ਦੀ ਨਗਰੀ ਵਿਚ ਸਰਕਾਰ ਬੁੱਚੜਾਂ ਨੂੰ ਗਊ-ਹੱਤਿਆ ਦੀ ਖੁਲ੍ਹ ਦੇ ਰਹੀ ਹੈ। 14 ਜੂਨ, 1870 ਈਸਵੀ ਨੂੰ ਇੱਕ ਨਾਮਧਾਰੀ ਟੋਲੇ ਨੇ ਅੰਮ੍ਰਿਤਸਰ ਵਿਚ ਚਾਰ ਬੁੱਚੜਾਂ ਨੂੰ ਵੱਢ ਦਿੱਤਾ। ਉਸ ਜੁਰਮ ਵਿਚ ਚਾਰ ਨਾਮਧਾਰੀਆਂ ਨੂੰ ਫਾਂਸੀ ਤੇ ਦੋ ਨੂੰ ਉਮਰ ਕੈਦ ਹੋਈ। 15 ਜੁਲਾਈ, 1872 ਈਸਵੀ ਨੂੰ ਕੁਝ ਨਾਮਧਾਰੀਆਂ ਦਾ ਮਲੌਦ ਤੇ ਮਲੇਰਕੋਟਲੇ ਦੇ ਬੁੱਚੜਾਂ ਨਾਲ ਗਊ-ਹੱਤਿਆ 'ਤੇ ਝਗੜਾ ਹੋ ਗਿਆ, ਜਿਸ ਵਿਚ ਦਸ ਆਦਮੀ ਮਾਰੇ ਗਏ ਤੇ 17 ਜ਼ਖ਼ਮੀ ਹੋਏ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ 68 ਨਾਮਧਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ। ਉਨ੍ਹਾਂ ਵਿੱਚੋਂ 49 ਨੂੰ ਤੋਪਾਂ ਦੇ ਗੋਲਿਆਂ ਨਾਲ ਉਡਾਇਆ ਗਿਆ ਤੇ 19 ਨੂੰ ਫਾਂਸੀ ਹੋਈ। ਬਾਬਾ ਰਾਮ ਸਿੰਘ ਨੂੰ ਜਲਾਵਤਨ ਕਰ ਕੇ ਬਰਮਾ ਭੇਜ ਦਿੱਤਾ ਗਿਆ। 29 ਨਵੰਬਰ, 1885 ਈਸਵੀ ਨੂੰ ਮਰਗੀ ਟਾਪੂ ਦੀ ਜੇਲ੍ਹ ਵਿਚ ਪਰਲੋਕ ਸਿਧਾਰ ਗਏ। ਸਰਕਾਰ ਨੇ ਭਾਵੇਂ ਨਾਮਧਾਰੀ ਲਹਿਰ ਕੁਚਲ ਦਿੱਤੀ, ਪਰ ਉਨ੍ਹਾਂ ਦੀ ਜਗਾਈ ਹੋਈ ਆਜ਼ਾਦੀ ਦੀ ਜੋਤ ਨਾ ਬੁਝਾ ਸਕੇ।

Baba Ram Singh Namdhari

Baba Ram Singh was born at village Bhaini Raiyan, district Ludhiana on the 3rd February, 1816 A.D. His father Bhai Jassa Singh, was a carpenter. His brother-in-law, Sardar Kabul Singh was a gunner in the artillery of Maharaja Ranjit Singh. In 1837 A.D., he took Baba Ram Singh with him to Lahore and got him recruited in the regiment of Kanwar Naunihal Singh. On the 18th December, 1845 A.D., the Sikh army suffered a defeat in the battle at Mudki due to mean settlement of some Sikh Generals with the British. Baba Ram Singh could not bear the defeat of the Sikh army in this manner. He left the service of the army at Mudki and came straight to his village Bhaini.

On arrival at his village, Baba Ram Singh started preaching, "Worship of one Eternal Being, giving up worship of the dead, keeping off the intoxicants, giving up meat, minimum expenditure on marriages and widow remarriage etc." He used to say, "I am only a messenger or a reporter and not a guru." His followers started calling themselves 'Namdharis'. Baba Ram Singh was a supporter of reform of the 'Mahants' and priests of the gurdwaras as a result of which they were against him. Every year, on the occasion of Diwali or Baisakhi fairs he used to go to Amritsar and put his views before the congregation. The number of his audience used to touch twenty thousand. He started a movement in 1848 A.D., to force the British to leave India. He called upon his followers to boycott foreign goods and Government departments due to which people stopped buying imported cloth, gave up taking their disputes to courts and started deciding these in villages.

The boycott movement of Baba Ram Singh had great effect on the work of the Government. In 1863 A.D., the Government set up a police post at his village Bhaini. Cow-slaughter was banned in Amritsar during the Sikh rule. In 1870 A.D., somebody spread a false rumour in Amritsar that the Government was about to give permission to the butchers to slaughter cows in the holy city of the Guru. On the 14th June, 1870 A.D., a group of Namdharis beheaded four butchers at Amritsar. Four Namdharis were hanged and two were imprisoned for life for that crime. On the 15th July, 1872 A.D., some Namdharis had a quarrel with the butchers of Malaud and Malerkotla over cow-slaughter in which ten people were killed and seventeen were injured. The Deputy Commissioner of Ludhiana, Mr. Cown pronounced death sentence on sixty-eight Namdharis. Forty-nine of them were blown by cannon fire and ninteen were hanged. Baba Ram Singh was exiled to Burma. He went to his heavenly abode on the 29th November, 1885 A.D., in jail of Margee Island. Although the Government crushed the Namdhari Movement, yet they could not extinguish the light of freedom lit by Baba Ram Singh.

ਸਰਦਾਰ ਕਰਤਾਰ ਸਿੰਘ ਸਰਾਭਾ

ਸ: ਕਰਤਾਰ ਸਿੰਘ ਸਰਾਭਾ ਦਾ ਜਨਮ 1896 ਈਸਵੀ ਵਿਚ ਸ: ਮੰਗਲ ਸਿੰਘ ਦੇ ਘਰ, ਪਿੰਡ ਸਰਾਭਾ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਉਨ੍ਹਾਂ ਨੇ ਉੜੀਸਾ ਵਿਚ ਰਿਸ਼ਤੇਦਾਰਾਂ ਪਾਸ ਰਹਿ ਕੇ ਮੈਟ੍ਰਿਕ ਪਾਸ ਕੀਤੀ। 15 ਸਾਲਾਂ ਦੀ ਉਮਰ ਵਿਚ, ਉਸਦੇ ਮਾਪਿਆਂ ਨੇ ਉਹਨੂੰ ਅਮਰੀਕਾ ਵਿਚ ਕੰਮ-ਕਾਰ ਕਰਨ ਲਈ ਜਹਾਜ਼ੇ ਚੜ੍ਹਾ ਦਿੱਤਾ। ਉਨ੍ਹਾਂ ਦਾ ਜਹਾਜ਼ ਜਨਵਰੀ 1912 ਈਸਵੀ ਨੂੰ ਅਮਰੀਕਾ ਦੀ ਬੰਦਰਗਾਹ ਸਾਨਫ਼ਰਾਂਸਿਸਕੋ ਜਾ ਪਹੁੰਚਿਆ। ਭਾਰਤ ਤੋਂ ਜਾਣ ਵਾਲੇ ਮੁਸਾਫ਼ਰਾਂ ਪਾਸੋਂ ਅਮਰੀਕਾ ਦੇ ਇਮਿਗ੍ਰੇਸ਼ਨ ਅਫ਼ਸਰ ਬਹੁਤ ਪੁੱਛ-ਪੜਤਾਲ ਕਰਦੇ ਤੇ ਬਾਕੀ ਮੁਲਕਾਂ ਵਾਲਿਆਂ ਪਾਸੋਂ ਮਾਮੂਲੀ ਜਾਂਚ ਕਰ ਕੇ ਅੱਗੇ ਲੰਘਾ ਦਿੰਦੇ। ਸ: ਕਰਤਾਰ ਸਿੰਘ ਨੇ ਇੱਕ ਮੁਸਾਫ਼ਰ ਨੂੰ ਇਸ ਤਰ੍ਹਾਂ ਦੇ ਰਵੱਈਏ ਬਾਰੇ ਪੁੱਛਿਆ। ਉਸ ਨੇ ਦੱਸਿਆ, "ਭਾਰਤੀ ਇੱਕ ਗ਼ੁਲਾਮ ਦੇਸ਼ ਦੇ ਵਾਸੀ ਹਨ। ਇਸ ਲਈ ਇਨ੍ਹਾਂ ਨਾਲ ਭੈੜਾ ਸਲੂਕ ਹੋ ਰਿਹਾ ਹੈ।" ਇਸ ਘਟਨਾ ਦਾ ਸ: ਕਰਤਾਰ ਸਿੰਘ ਦੇ ਮਨ ਉੱਪਰ ਬਹੁਤ ਗਹਿਰਾ ਅਸਰ ਹੋਇਆ।

1914 ਈਸਵੀ ਵਿਚ 20 ਲੱਖ ਭਾਰਤੀ ਬਾਹਰਲੇ ਦੇਸ਼ਾਂ ਵਿਚ ਚੌਕੀਦਾਰਾ ਜਾਂ ਮਜ਼ਦੂਰੀ ਕਰਦੇ ਸਨ। ਉਨ੍ਹਾਂ ਵਿਚੋਂ ਅੱਠ ਹਜ਼ਾਰ ਅਮਰੀਕਾ ਤੇ ਕੈਨੇਡਾ ਵਿਚ ਸਨ। ਬਾਹਰਲੇ ਦੇਸ਼ਾਂ ਵਿਚ ਕੰਮ ਕਰਨ ਵਾਲਿਆਂ ਵਿਚੋਂ 90 ਫ਼ੀ ਸਦੀ ਫ਼ੌਜੀ ਸਨ, ਜਿਨ੍ਹਾਂ ਨੇ ਅੰਗ੍ਰੇਜ਼ ਰਾਜ ਨੂੰ ਪੱਕਾ ਕਰਨ ਵਿਚ ਜਾਂ ਉਸਦੀਆਂ ਹੱਦਾਂ ਵਧਾਉਣ ਲਈ ਲੜਾਈਆਂ ਲੜੀਆਂ ਸਨ। ਸ: ਕਰਤਾਰ ਸਿੰਘ ਨੇ ਬਾਗ਼ਾਂ ਵਿਚ ਫਲ ਤੋੜਣ ਦਾ ਕੰਮ ਲੱਭ ਲਿਆ। ਉਸਨੇ ਦੂਜੇ ਭਾਰਤੀਆਂ ਨਾਲ ਦੇਸ਼ ਆਜ਼ਾਦ ਕਰਵਾਉਣ ਦੀ ਗੱਲ ਕੀਤੀ। 21 ਅਪ੍ਰੈਲ, 1913 ਈਸਵੀ ਨੂੰ ਭਾਰਤੀਆਂ ਨੇ ਇਕੱਠੇ ਹੋ ਕੇ 'ਗ਼ਦਰ ਪਾਰਟੀ' ਬਣਾ ਲਈ। ਗ਼ਦਰ ਪਾਰਟੀ ਦਾ ਉਦੇਸ਼ ਹਥਿਆਰਬੰਦ ਘੋਲ ਰਾਹੀਂ ਅੰਗ੍ਰੇਜ਼ਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣਾ ਤੇ ਕੌਮੀ ਜਮਹੂਰੀ ਰਾਜ ਕਾਇਮ ਕਰਨਾ ਸੀ। ਉਸਦਾ ਨਾਹਰਾ ਸੀ "ਦੇਸ਼ ਦੀ ਅਜ਼ਾਦੀ ਲਈ ਸਭ ਕੁਝ ਦਾਅ 'ਤੇ ਲਾ ਦਿਉ।" 1 ਨਵੰਬਰ, 1913 ਈਸਵੀ ਨੂੰ ਗ਼ਦਰ ਪਾਰਟੀ ਨੇ 'ਗ਼ਦਰ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ, ਜਿਹੜਾ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਤੇ ਪਸ਼ਤੋ ਵਿਚ ਛਾਪਿਆ ਜਾਂਦਾ ਸੀ। ਉਸ ਪਰਚੇ ਦਾ ਸਾਰਾ ਕੰਮ ਸ: ਕਰਤਾਰ ਸਿੰਘ ਕਰਦਾ ਸੀ।

ਇਹ ਪਰਚਾ ਦੁਨੀਆ ਦੇ ਹਰ ਦੇਸ਼ ਵਿਚ ਰਹਿੰਦੇ ਭਾਰਤੀਆਂ ਨੂੰ ਭੇਜਿਆ ਜਾਂਦਾ ਸੀ। ਇਸਦਾ ਮੰਤਵ ਭਾਰਤੀਆਂ ਦੇ ਸਾਹਮਣੇ ਅੰਗ੍ਰੇਜ਼ੀ ਰਾਜ ਦੇ ਪੜਦੇ ਜ਼ਾਹਰ ਕਰਨਾ, ਮਿਲਟਰੀ ਟ੍ਰੇਨਿੰਗ ਦੇਣਾ, ਹਥਿਆਰ ਤੇ ਬੰਬ ਬਣਾਉਣ ਤੇ ਚਲਾਉਣ ਦੇ ਢੰਗ ਬੜੇ ਖੋਲ੍ਹ ਕੇ ਦੱਸੇ ਹੁੰਦੇ। ਉਸ ਵਿਚ ਲੇਖ ਤੇ ਕਵਿਤਾਵਾਂ ਹੁੰਦੀਆਂ, ਜਿਹੜੀਆਂ ਜਵਾਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਲਈ ਪ੍ਰੇਰਦੀਆਂ, ਜਿਵੇਂ ਗ਼ਦਰ ਜੰਗ ਵਿਚੋਂ :

ਬਾਝੋਂ ਸਿਰ ਦਿੱਤਿਆਂ ਨਾ ਕੰਮ ਸਰਨਾ। ਜੁੱਧ ਵਿਚ ਪਵੇਗਾ ਜ਼ਰੂਰ ਮਰਨਾ।
ਪਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ। ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।
ਸ਼ੇਰ ਹੋ ਕੇ ਗਿੱਦੜਾਂ ਦੇ ਕੰਮ ਕਰੀਂ ਨਾ। ਮੱਚਿਆ ਅਜ਼ਾਦੀ ਜੰਗ ਹੁਣ ਤੂੰ ਡਰੀਂ ਨਾ।
ਗੀਧੀ ਬਣ ਜਾਵੇ ਜੋ ਮੈਦਾਨ ਛੱਡ ਕੇ। ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ।
ਸੂਰਿਆਂ ਦਾ ਕੰਮ ਨਹੀਂ ਪਿੱਛੇ ਨੂੰ ਹਟਣਾ। ਸੱਚਿਆਂ ਸੂਰਿਆਂ ਵਾਲਾ ਜੱਸ ਖੱਟਣਾ।
ਬੋਲੋ ਬੰਦੇ ਮਾਤਰਮ ਸਾਰੇ ਗੱਜ ਕੇ। ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ।

ਇਸ ਪਰਚੇ ਨੇ ਵਿਦੇਸ਼ਾਂ ਵਿਚ ਬੈਠੇ ਭਾਰਤੀਆਂ ਦੇ ਮਨਾਂ ਵਿਚ ਦੇਸ਼-ਭਗਤੀ ਤੇ ਆਜ਼ਾਦੀ ਦੀ ਰੂਹ ਫੂਕ ਦਿੱਤੀ। ਸ: ਕਰਤਾਰ ਸਿੰਘ ਨੂੰ ਪਾਇਲਟ ਦੀ ਸਿੱਖਿਆ ਬਾਬਾ ਜਵਾਲਾ ਸਿੰਘ ਦੇ ਫ਼ਾਰਮ ਵਿਚ ਭਾਈ ਊਧਮ ਸਿੰਘ ਕਸੇਲ ਨੇ ਦਿੱਤੀ। ਇੱਕ ਸਾਲ ਵਿਚ ਗ਼ਦਰ ਪਾਰਟੀ 'ਗ਼ਦਰ' ਪਰਚੇ ਰਾਹੀਂ ਬਹੁਤ ਪ੍ਰਸਿੱਧ ਹੋ ਗਈ, ਜਿਸ

ਸਰਦਾਰ ਕਰਤਾਰ ਸਿੰਘ ਸਰਾਭਾ

Sardar Kartar Singh Sarabha



ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਸ਼ਾਮਲ ਸਨ।

1914 ਈਸਵੀ ਵਿਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਅੰਗ੍ਰੇਜ਼ ਉਸ ਸੰਸਾਰ ਯੁੱਧ ਵਿਚ ਫਸ ਗਏ। ਗ਼ਦਰ ਪਾਰਟੀ ਦੇ ਮੁਖੀਆਂ ਨੇ ਇਹ ਚੰਗਾ ਮੌਕਾ ਜਾਣ ਕੇ 5 ਅਗਸਤ, 1914 ਈਸਵੀ ਦੇ ਗ਼ਦਰ ਅਖ਼ਬਾਰ ਵਿਚ ਅੰਗ੍ਰੇਜ਼ਾਂ ਦੇ ਵਿਰੁੱਧ ਐਲਾਨੇ ਜੰਗ ਦਾ ਫ਼ੈਸਲਾ ਛਾਪ ਦਿੱਤਾ। ਉਹ ਪਰਚਾ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜਾਂ, ਪਿੰਡਾਂ ਅਤੇ ਸ਼ਹਿਰਾਂ ਵਿਚ ਵੰਡਿਆ ਗਿਆ। ਸ: ਕਰਤਾਰ ਸਿੰਘ ਜੀ 15 ਸਤੰਬਰ, 1914 ਈਸਵੀ ਨੂੰ ਅਮਰੀਕਾ ਤੋਂ ਭਾਰਤ,ਕੋਲੰਬੋ ਰਸਤੇ ਪਹੁੰਚੇ। ਗ਼ਦਰ ਪਾਰਟੀ ਦੇ ਬਹੁਤ ਸਾਰੇ ਆਗੂ ਸਰਕਾਰ ਨੇ ਬੰਦਰਗਾਹਾਂ 'ਤੇ ਹੀ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਗ੍ਰਿਫ਼ਤਾਰੀਆਂ ਦੇ ਹੁੰਦਿਆਂ ਹੋਇਆਂ ਵੀ ਗ਼ਦਰੀਆਂ ਨੇ ਲਾਡੂਵਾਲ, ਲੁਧਿਆਣੇ ਦੇ ਨੇੜੇ ਮੀਟਿੰਗ ਕੀਤੀ, ਜਿਸ ਵਿਚ ਫ਼ੌਜੀ ਕਾਰਵਾਈ ਕਰਨ ਲਈ ਮਾਇਆ ਦੀ ਲੋੜ ਪੂਰੀ ਕਰਨ ਵਾਸਤੇ ਅਮੀਰਾਂ ਦੇ ਘਰਾਂ ਵਿਚ ਡਾਕੇ ਮਾਰਨ ਦਾ ਫ਼ੈਸਲਾ ਕੀਤਾ ਗਿਆ। ਇੱਕ ਡਾਕੇ ਵਿਚ ਸਰਦਾਰ ਵਰਿਆਮ ਸਿੰਘ ਤੇ ਭਾਈ ਰਾਮ ਰੱਖਾ ਬੰਬ ਫਟ ਜਾਣ ਨਾਲ ਸ਼ਹੀਦ ਹੋ ਗਏ।

25 ਜਨਵਰੀ, 1915 ਈਸਵੀ ਨੂੰ ਸ੍ਰੀ ਰਾਸ ਬਿਹਾਰੀ ਬੋਸ ਦੇ ਅੰਮ੍ਰਿਤਸਰ ਪੁੱਜ ਜਾਣ ਪਿੱਛੋਂ, 12 ਫ਼ਰਵਰੀ ਨੂੰ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ 21 ਫ਼ਰਵਰੀ ਨੂੰ ਗ਼ਦਰ ਮਚਾ ਦਿੱਤਾ ਜਾਵੇ, ਮੀਆਂ ਮੀਰ ਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ 'ਤੇ ਕਬਜ਼ਾ ਕਰ ਕੇ, ਮੇਰਠ ਛਾਉਣੀ ਵਿਚ ਬਗ਼ਾਵਤ ਕਰਵਾ ਕੇ ਦਿੱਲੀ ਉੱਪਰ ਕਬਜ਼ਾ ਕਰ ਲਿਆ ਜਾਵੇ। ਗ਼ਦਰੀਆਂ ਵਿਚ ਛੁਪੇ ਹੋਏ ਪੁਲੀਸ ਦੇ ਜਾਸੂਸ ਕ੍ਰਿਪਾਲ ਸਿੰਘ ਨੇ, 19 ਫ਼ਰਵਰੀ ਨੂੰ ਬਹੁਤ ਸਾਰੇ ਗ਼ਦਰੀ ਗ੍ਰਿਫ਼ਤਾਰ ਕਰਵਾ ਦਿੱਤੇ ਤੇ 21 ਫ਼ਰਵਰੀ ਨੂੰ ਗ਼ਦਰ ਮਚਾਏ ਜਾਣ ਦੀ ਸੂਚਨਾ ਵੀ ਦੇ ਦਿੱਤੀ। ਸਰਕਾਰ ਨੇ ਦੇਸੀ ਫ਼ੌਜੀਆਂ ਪਾਸੋਂ ਹਥਿਆਰ ਲੈ ਲਏ, ਜਿਸ ਨਾਲ ਗ਼ਦਰ ਮਚਾਉਣ ਦਾ ਯਤਨ ਫੇਲ੍ਹ ਹੋ ਗਿਆ।

2 ਮਾਰਚ, 1915 ਈਸਵੀ ਨੂੰ ਚੱਕ ਨੰ: 5, ਜ਼ਿਲ੍ਹਾ ਲਾਇਲਪੁਰ ਵਿੱਚੋਂ, ਰਸਾਲਦਾਰ ਗੰਡਾ ਸਿੰਘ ਨੇ ਸ: ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਸ: ਜਗਤ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। 63 ਗ੍ਰਿਫ਼ਤਾਰ ਕੀਤੇ ਗ਼ਦਰੀਆਂ ਦਾ ਫ਼ੈਸਲਾ 13 ਸਤੰਬਰ, 1915 ਈਸਵੀ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਸੁਣਾਇਆ ਗਿਆ। ਇਸ 1914-15 ਈਸਵੀ ਦੇ ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ 24 ਗ਼ਦਰੀਆਂ ਨੂੰ ਫਾਂਸੀ ਸੁਣਾਈ ਗਈ। ਸ: ਕਰਤਾਰ ਸਿੰਘ ਸਰਾਭਾ ਉਨ੍ਹਾਂ ਗ਼ਦਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਆਪਣੇ ਬਿਆਨਾਂ ਵਿਚ ਕਿਹਾ, "ਮੇਰਾ ਸੰਬੰਧ ਗ਼ਦਰ ਪਾਰਟੀ ਨਾਲ ਹੈ। ਅਸੀਂ ਰਲ ਕੇ ਬਗ਼ਾਵਤ ਦੀ ਸਕੀਮ ਬਣਾਈ ਸੀ। ਮੈਂ ਕਈ ਡਾਕਿਆਂ ਵਿਚ ਹਿੱਸਾ ਲਿਆ। ਮੈਂ ਚਾਹੁੰਦਾ ਹਾਂ ਕਿ ਮੈਨੂੰ ਉਮਰ ਕੈਦ ਦੀ ਥਾਂ ਫਾਂਸੀ ਲਗਾਇਆ ਜਾਵੇ ਤਾਂ ਜੁ ਮੈਂ ਫਿਰ ਜਨਮ ਲੈ ਕੇ ਗੋਰਿਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਦਿਵਾਉਣ ਵਿਚ ਉਪਰਾਲਾ ਕਰ ਸਕਾਂ। ਜੇ ਮੈਨੂੰ ਅਗਲਾ ਜਨਮ ਇਸਤ੍ਰੀ ਦਾ ਮਿਲਿਆ ਤਾਂ ਮੈਂ ਸ਼ੇਰਾਂ ਵਰਗੇ ਪੁੱਤਰਾਂ ਨੂੰ ਜਨਮ ਦੇ ਕੇ ਅੰਗ੍ਰੇਜ਼ ਹਾਕਮਾਂ ਦੀਆਂ ਧੱਜੀਆਂ ਉਡਾਉਣ ਲਈ ਲਾ ਦਿਆਂਗਾ।" ਅਦਾਲਤ ਨੇ ਕਿਹਾ, "ਕਰਤਾਰ ਸਿੰਘ ਸਾਰੇ ਬਾਗ਼ੀਆਂ ਨਾਲੋਂ ਖ਼ਤਰਨਾਕ ਹੈ। ਇਹ ਆਪਣੇ ਕੀਤੇ ਅਪਰਾਧਾਂ ਉੱਪਰ ਬਹੁਤ ਮਾਣ ਕਰਦਾ ਹੈ। ਇਸ ਉਪਰ ਤਰਸ ਨਹੀਂ ਕਰਨਾ ਚਾਹੀਦਾ। ਇਸਨੂੰ ਮੌਤ ਦੀ ਹੀ ਸਜ਼ਾ ਦਿੱਤੀ ਜਾਵੇ।" 16 ਨਵੰਬਰ, 1915 ਈਸਵੀ ਵਾਲੇ ਦਿਨ ਸ: ਕਰਤਾਰ ਸਿੰਘ ਸਰਾਭਾ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ, ਜਦੋਂ ਉਹ ਸਿਰਫ਼ ਅਠਾਰਾਂ ਸਾਲਾਂ ਦੇ ਸਨ।

Sardar Kartar Singh Sarabha

Sardar Kartar Singh Sarabha was born at village Sarabha in Ludhiana district in 1896 A.D. His father's name was Sardar Mangal Singh. He passed his Matriculation examination from Orissa where he lived with his relatives. When he was fifteen, his parents put him on board a ship for America to work there. That ship landed at the American port of San Francisco in January 1912 A.D. The American immigration officer put Indian immigrants through rigorous questioning while people of other countries were allowed to pass after slight check up. Sardar Kartar Singh asked one passenger about this type of behaviour. He told him, "Indians are the citizens of a slave country. As such, they are being treated badly." This incident had a great effect on Sardar Kartar Singh.

In 1914 A.D., two million Indians worked as watchmen or labourers in foreign countries. Out of them eight thousand lived in America and Canada. Ninety percent of those working abroad were soldiers who had fought for the consolidation of British rule or extending the boundaries of their empire. Sardar Kartar Singh took up the work of plucking fruit in orchards. He talked to other Indians about getting the country freed. On the 21st April, 1913 A.D., Indians assembled and formed the Gadar Party (revolution party). The aim of Gadar Party was to get rid of the slavery of the British by means of an armed struggle and set up a national democratic Government. Their slogan was, "Put at stake everything for the freedom of the country." On the 1st November, 1913 A.D., the Gadar Party started taking out a paper named 'Gadar' which was published in Punjabi, Hindi, Urdu, Bengali, Gujrati and Pushto languages. Sardar Kartar Singh did all the work of that paper.

This paper was sent to Indians living in all the countries of the world. The purpose of this paper was to unmask the truth about the British rule to the Indians, impart military training and explain in detail the methods of making and use of weapons and bombs. There were articles and poems which inspired the youth to die for the freedom of the country such as this one from 'Revolutionary war' :


No purpose will be solved without martyrdom,
It is imperative to die in the war.
Charge with the roar of lions.
It is not for lions to run away in adversity.
Being a lion, do not act like a jackal.
War of Independence is raging, be not afraid.
One who runs away from battlefield is a coward.
It is not for the brave to run away in adversity.
The brave knows no retreat, earn the honour of bravery.
Say with a roar, I bow to the Motherland.

This paper filled the minds of Indians living even abroad with the spirit of independence. Sardar Kartar Singh was given training of pilot by Bhai Udham Singh Kasel in the farm of Baba Jwala Singh. In one year, the Gadar Party became very famous through its organ 'The Gadar' and it consisted of all—Hindus, Sikhs and Muslims.

The first world war started in 1914 A.D. The British got entangled in that war. Thinking it to be a good opportunity, the leaders of the Gadar Party published decision of declaration of war against the British in the issue of 'The Gadar' dated the 5th August, 1914 A.D. Thousands of copies of that paper were distributed among armed forces, villages and cities. Sardar Kartar Singh reached India via Colombo on the 15th September, 1914 A.D. A large number of leaders of the Gadar Party were arrested by the Government at the ports. Inspite of these arrests, a meeting was held by the members of Gadar Party at Ladhowal near Ludhiana in which it was decided to commit robberies in the houses of the rich to meet the requirement of finance for armed action. Sardar Waryam Singh and Bhai Ram Rakha were killed in a bomb blast in one such raid.

After the arrival of Sri Ras Bihari Bose at Amritsar on the 25th January, 1915 A.D., it was decided in a meeting on the 12th February that the uprising should be started on the 21st February. It was planned that after capturing the cantonments of Mian Mir and Ferozepur, mutiny should be engineered in Meerut Cantt and Delhi. Kirpal Singh, police informer in the ranks of the Gadar Party, got a large number of Gadar Party members arrested on the 19th February and informed the Government of the planned revolt of the 21st February. The Government disarmed the native soldiers due to which the plan of the revolt came to a naught.

On the 2nd March, 1915 A.D., Risaldar Ganda Singh got Sardar Kartar Singh, Harman Singh Tundilat and Sardar Jagat Singh arrested from Chakk No. 5, district Layalpur. Judgement in respect of sixty-three arrested Gadarites was pronounced on the 13th September, 1915 A.D., in Central Jail, Lahore. In this first Lahore conspiracy case of 1914-15 A.D., twenty-four Gadarites were sentenced to death. Sardar Kartar Singh was one of them. He stated in his deposition, "I am a member of the Gadar Party. We had jointly planned a rebellion. I have taken part in many robberies. I wish that I may be sentenced to death and not life imprisonment so that after re-birth, I may endeavour to get rid of the slavery of the Whites. If I am re-born as a female, I shall bear lion-hearted sons and engage them in blowing to bits the British rulers." The court observed, "Kartar Singh is most dangerous of all the rebels. He is very proud of his crimes committed by him. He does not deserve mercy. He should be sentenced to death." Sardar Kartar Singh was hanged in the Central Jail of Lahore on 16th November, 1915 A.D., when he was only eighteen.


ਸਾਕਾ ਤਰਨ ਤਾਰਨ
Happening at Tarn Taran

ਸਾਕਾ ਤਰਨ ਤਾਰਨ

15-16 ਨਵੰਬਰ, 1920 ਈਸਵੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਇੱਕ ਪੰਥਕ ਇਕੱਠ ਹੋਇਆ। ਉਸ ਵਿਚ 175 ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ, ਜਿਸਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰਖਿਆ ਗਿਆ। ਇਹ ਕਮੇਟੀ ਇੱਕ ਧਾਰਮਿਕ ਜਥੇਬੰਦੀ ਸੀ, ਜਿਸਦਾ ਕੰਮ ਗੁਰਦੁਆਰਿਆਂ ਦਾ ਸੁਧਾਰ, ਸਿੱਖਾਂ ਦੇ ਧਾਰਮਿਕ, ਸਦਾਚਾਰਕ ਤੇ ਸਭਿਆਚਾਰਕ ਪੱਧਰ ਨੂੰ ਉੱਚਾ ਕਰਨਾ ਸੀ। ਇਸ ਲਈ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਵਿਚ ਲੈ ਰਹੀ ਸੀ।

13 ਅਕਤੂਬਰ, 1920 ਈਸਵੀ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਸਿੱਖਾਂ ਦੀ ਕਮੇਟੀ ਪਾਸ ਸੀ। ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ ਦਾ ਪ੍ਰਬੰਧ ਸ੍ਰੀ ਹਰਿਮੰਦਰ ਸਾਹਿਬ ਦੇ ਅਧੀਨ ਆਉਂਦਾ ਸੀ, ਪਰ ਗੁਰਦੁਆਰਾ ਅੰਮ੍ਰਿਤਸਰ ਤੋਂ ਦੂਰ ਹੋਣ ਕਾਰਨ ਉਥੋਂ ਦੇ ਪੁਜਾਰੀ ਆਪ-ਮੁਹਾਰੇ ਹੋ ਗਏ। ਉਹ ਗੁਰਦੁਆਰੇ ਦੀ ਆਮਦਨ ਆਪਸ ਵਿਚ ਵੰਡ ਲੈਂਦੇ। ਉਨ੍ਹਾਂ ਪੁਜਾਰੀਆਂ ਵਿੱਚੋਂ ਕਈ ਅਤਿ ਦਰਜੇ ਦੇ ਸ਼ਰਾਬੀ ਤੇ ਅਮਲੀ ਬਣ ਗਏ। ਉਹ ਖੁੱਲ੍ਹੇ ਤੌਰ 'ਤੇ ਕਹਿੰਦੇ, "ਗੁਰਦੁਆਰਾ ਸਾਡੀ ਦੁਕਾਨ ਹੈ। ਜਿਸ ਦੀ ਮਰਜ਼ੀ ਆਵੇ ਤੇ ਜਿਸਦੀ ਨਹੀਂ ਮਰਜ਼ੀ ਉਹ ਨਾ ਆਵੇ।"

24 ਜਨਵਰੀ, 1921 ਈਸਵੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਜੇ ਹੋਏ ਦੀਵਾਨ ਵਿਚ ਇੱਕ ਬੀਬੀ ਨੇ ਕਿਹਾ, "ਗੁਰਦੁਆਰਾ ਤਰਨ ਤਾਰਨ ਸਾਹਿਬ ਦੇ ਪੁਜਾਰੀਆਂ ਨੇ ਮੇਰੇ ਪੁੱਤਰ ਦੇ ਗਲੇ ਨਾਲ ਪੱਥਰ ਬੰਨ੍ਹ ਕੇ ਉਸਨੂੰ ਸਰੋਵਰ ਵਿਚ ਸੁੱਟ ਦਿੱਤਾ ਤੇ ਮੇਰੀ ਧੀ ਨੂੰ ਗੁਰਦੁਆਰੇ ਦੇ ਅੰਦਰ ਛੇੜਿਆ ਤੇ ਤੰਗ ਕੀਤਾ।" ਇਹ ਸੁਣ ਕੇ ਕਮੇਟੀ ਨੇ ਉਸੇ ਦਿਨ ਹੀ ਗੁਰਦੁਆਰਾ ਤਰਨ ਤਾਰਨ ਦਾ ਪ੍ਰਬੰਧ ਆਪਣੇ ਹੱਥ ਵਿਚ ਲੈਣ ਦਾ ਫ਼ੈਸਲਾ ਕਰ ਲਿਆ।

25 ਜਨਵਰੀ, 1921 ਈਸਵੀ ਨੂੰ ਭਾਈ ਤੇਜਾ ਸਿੰਘ ਭੁੱਚਰ, ਆਪਣੇ ਨਾਲ ਚਾਲੀ ਸਿੰਘਾਂ ਦਾ ਜਥਾ ਲੈ ਕੇ ਸਵੇਰੇ ਅੱਠ ਵਜੇ ਗੁਰਦੁਆਰਾ ਤਰਨ ਤਾਰਨ ਸਾਹਿਬ ਪੁੱਜ ਗਏ। ਉਸ ਜਥੇ ਨੇ ਦੋ ਘੰਟੇ ਗੁਰਦੁਆਰੇ ਅੰਦਰ ਬੈਠ ਕੇ ਕੀਰਤਨ ਕਰਨ ਪਿੱਛੋਂ ਪੁਜਾਰੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਨੋਰਥ ਦੱਸਿਆ। ਸ਼ਾਮ ਦੇ ਚਾਰ ਵਜੇ ਜਥੇ ਦੀ ਪੁਜਾਰੀਆਂ ਨਾਲ ਮੀਟਿੰਗ ਹੋਈ, ਜਿਸ ਵਿਚ ਜਥੇ ਨੇ ਉਨ੍ਹਾਂ ਅੱਗੇ ਪੰਜ ਸ਼ਰਤਾਂ ਰਖੀਆਂ। ਰਾਤ ਦੇ ਸਾਢੇ ਅੱਠ ਵਜੇ ਇੱਕ ਪੁਜਾਰੀ ਨੇ ਜਥੇ ਨੂੰ ਆ ਕੇ ਦੱਸਿਆ, "ਸਾਰੇ ਪੁਜਾਰੀ ਕਮੇਟੀ ਦੀਆਂ ਸ਼ਰਤਾਂ ਮੰਨਣ ਲਈ ਤਿਆਰ ਹਨ। ਜਥੇ ਦੇ ਕੁਝ ਮੁਖੀਏ ਦਰਬਾਰ ਸਾਹਿਬ ਦੇ ਅੰਦਰ ਜਾ ਕੇ ਇਨ੍ਹਾਂ ਉੱਪਰ ਉਨ੍ਹਾਂ ਦੇ ਦਸਤਖ਼ਤ ਕਰਵਾ ਲਵੋ।"

ਭਾਈ ਸ਼ਰਨ ਸਿੰਘ ਤੇ ਕੁਝ ਹੋਰ ਸਿੰਘ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ। ਦੀਵਾਨ ਵਿਚ ਬੈਠੇ ਸਿੰਘਾਂ ਉੱਪਰ ਨਾਲ ਦੇ ਮਕਾਨ ਤੋਂ ਇੱਟਾਂ ਵੱਟੇ ਵਰ੍ਹਨ ਲੱਗੇ। ਦਰਬਾਰ ਸਾਹਿਬ ਦੇ ਅੰਦਰ ਗਏ ਸਿੰਘਾਂ ਉੱਪਰ ਸ਼ਰਾਬੀ ਹੋਏ ਪੁਜਾਰੀਆਂ ਨੇ ਗੰਡਾਸਿਆਂ ਤੇ ਡਾਂਗਾਂ ਨਾਲ ਹੱਲਾ ਬੋਲ ਦਿੱਤਾ। ਸਿੰਘ ਅੱਗੋਂ ਸ਼ਾਂਤ ਰਹੇ। ਪੁਜਾਰੀਆਂ ਨੇ ਦਰਬਾਰ ਸਾਹਿਬ ਦੇ ਅੰਦਰ ਦੇ ਲੈਂਪ ਬੁਝਾ ਦਿੱਤੇ ਤੇ ਦਰਵਾਜ਼ੇ ਅੱਗੇ ਪੜਦੇ ਤਾਣ ਦਿੱਤੇ ਤਾਂ ਜੁ ਬਾਹਰ ਤੋਂ ਨਜ਼ਰ ਨਾ ਆਵੇ ਕਿ ਅੰਦਰ ਕੀ ਹੋ ਰਿਹਾ ਸੀ। ਦਰਬਾਰ ਸਾਹਿਬ ਅੰਦਰ ਗਏ ਸਤਾਰਾਂ ਸਿੰਘ ਜ਼ਖ਼ਮੀ ਹੋ ਗਏ। ਭਾਈ ਹਜ਼ਾਰਾ ਸਿੰਘ ਅਲਾਦੀਨਪੁਰ, ਜ਼ਿਲ੍ਹਾ ਅੰਮ੍ਰਿਤਸਰ ਤੇ ਭਾਈ ਹੁਕਮ ਸਿੰਘ ਵਸਾਊ ਕੋਟ, ਜ਼ਿਲ੍ਹਾ ਗੁਰਦਾਸਪੁਰ, ਸ਼ਹੀਦੀ ਪਾ ਗਏ। ਗੁਰਦੁਆਰਾ ਸੁਧਾਰ ਲਹਿਰ ਦੇ ਇਹ ਪਹਿਲੇ ਸ਼ਹੀਦ ਸਨ। 26 ਜਨਵਰੀ ਨੂੰ ਹੋਰ ਜਥੇ ਪੁੱਜਣ ਉੱਪਰ ਪੁਜਾਰੀਆਂ ਨੇ ਗੁਰਦੁਆਰੇ ਦਾ ਪ੍ਰਬੰਧ ਕਮੇਟੀ ਦੇ ਹਵਾਲੇ ਕਰ ਦਿੱਤਾ।

Happening at Tarn Taran

A religious gathering was held at Akal Takht, Amritsar on the 15th-16th November, 1920 A.D. In this a committee of one hundred and seventy-five members was formed which was named Shiromani Gurdwara Parbandhak Committee. This was a religious organisation with the aim of reform in Gurdwara management and uplift of the religious moral and cultural level of the Sikhs. As such, the Committee was taking the management of the Gurdwaras in their hands.

The Committee of the Sikhs was in control of management of Sri Darbar Sahib, Amritsar since the 13th October, 1920 A.D. The management of Gurdwara, Tarn Taran fell under Sri Darbar Sahib but the priests had become self-willed being far away from Amritsar. They divided the income of the Gurdwara among themselves. Many of those priests had become extreme alcoholics and drug addicts. They used to say openly, "Gurdwara is our shop. One may come if he wishes and anybody who does not like may not come."

In the full congregation at Akal Takht on the 24th January, 1921 A.D., a lady said, "The priests of Gurdwara Tarn Taran threw my son into the pool after tieing a stone round his neck and teased and molested my daughter inside the Gurdwara." Hearing this, the Committee decided to take the management of Gurdwara, Tarn Taran into their hands.

On the 25th January, 1921 A.D., Bhai Teja Singh Bhuchar with a squad of forty Singhs reached Gurdwara Tarn Taran at 8 a.m. After reciting Guru's word for two hours in the Gurdwara, the squad told the priests the purpose of the Committee. A meeting took place between the Singhs of the squad and the priests at 4 p.m. in which the Singhs placed before them five conditions. At 8.30 p.m., a priest came and informed the squad, "All the priests are ready to accept the conditions of the Committee. Let some prominent persons of the squad come inside the Gurdwara and get their signatures on them."

Bhai Sharan Singh and some other Singhs went inside Darbar Sahib (court hall). Brickbats started raining on the Singhs sitting in the congregation from an adjoining house. Intoxicated priests attacked the Singhs who had gone inside with choppers and clubs. The Singhs remained calm. The priests put out the lamps inside the Gurdwara and put curtains on the doors so that the happenings inside may not be seen from outside. Out of the Singhs who had gone inside, seventeen were injured. Bhai Hazara Singh of Aladinpur, district Amritsar and Bhai Hukam Singh of Wasaoo Kot, district Gurdaspur attained martyrdom. They were the first martyrs of the Gurdwara Reform Movement. On arrival of more squads on 26th January, the priests handed over the management of the Gurdwara to the Parbandhak Committee.

ਸਾਕਾ ਨਨਕਾਣਾ ਸਾਹਿਬ

ਅਕਤੂਬਰ 1920 ਈਸਵੀ ਵਿਚ ਧਾਰੋਵਾਲ, ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਸੁਧਾਰ ਲਈ ਦੀਵਾਨ ਹੋਇਆ, ਜਿਸ ਵਿਚ ਮੁਖੀਆਂ ਨੇ ਉਸ ਗੁਰਦੁਆਰੇ ਦੇ ਅੰਦਰ ਹੁੰਦੇ ਕੁਕਰਮ, ਸੰਗਤ ਦੇ ਸਾਹਮਣੇ ਰਖੇ। ਸਰਬ-ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਮਹੰਤ ਨੂੰ ਆਪਣਾ ਸੁਧਾਰ ਕਰਨ ਲਈ ਕਿਹਾ ਜਾਵੇ। ਮਹੰਤ ਨਰਾਇਣ ਦਾਸ ਨੂੰ ਜਦੋਂ ਸੁਧਾਰ ਲਈ ਕਿਹਾ ਗਿਆ ਤਾਂ ਉਹ ਆਪਣੇ ਆਪ ਦਾ ਸੁਧਾਰ ਕਰਨ ਦੀ ਬਜਾਏ ਪੰਥ ਨਾਲ ਮੱਥਾ ਲਗਾਉਣ ਲਈ ਤਿਆਰੀ ਕਰਨ ਲੱਗਾ। ਉਸਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਝਾਅ ਵੱਲ ਧਿਆਨ ਦੇਣ ਦੀ ਕੋਈ ਜ਼ਰੂਰਤ ਨਾ ਸਮਝੀ। ਉਹ ਗੁਰਦੁਆਰੇ ਦੀ ਇੱਕ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲੀ ਜਾਗੀਰ ਦਾ ਮਾਲਕ ਸੀ ਤੇ ਗੁਰਦੁਆਰੇ ਦਾ ਚੜ੍ਹਾਵਾ ਉਸ ਨਾਲੋਂ ਵੱਖਰਾ ਸੀ।


ਨਰਾਇਣ ਦਾਸ ਨੇ ਸਿੱਖਾਂ ਦੇ ਟਾਕਰੇ ਲਈ ਬਦਮਾਸ਼ਾਂ ਤੇ ਗੁੰਡਿਆਂ ਨੂੰ ਤਨਖ਼ਾਹਾਂ ਉੱਪਰ ਭਰਤੀ ਕਰ ਲਿਆ। ਸਰਕਾਰ ਦੀ ਮਦਦ ਨਾਲ ਉਸਨੇ ਲਾਹੌਰ ਤੋਂ ਬੰਦੂਕਾਂ, ਪਿਸਤੌਲ ਤੇ ਹੋਰ ਅਸਲ੍ਹਾ ਇਕੱਠਾ ਕਰ ਲਿਆ। ਉਸਨੇ ਚੌਦਾਂ ਪੀਪੇ ਮਿੱਟੀ ਦੇ ਤੇਲ ਦੇ ਮੰਗਵਾ ਕੇ ਰਖ ਲਏ। ਗੁਰਦੁਆਰੇ ਦਾ ਗੇਟ ਮਜ਼ਬੂਤ ਕਰਵਾ ਕੇ ਉਸ ਵਿਚ ਥਾਂ ਥਾਂ ਮੋਰੀਆਂ ਕਢਵਾ ਲਈਆਂ ਤਾਂ ਜੁ ਲੋੜ ਪੈਣ ਸਮੇਂ ਉਨ੍ਹਾਂ ਵਿਚੀਂ ਗੋਲੀਆਂ ਚਲਾਈਆਂ ਜਾ ਸਕਣ। ਸਰਕਾਰ ਅਕਾਲੀ ਲਹਿਰ ਨੂੰ ਫੇਲ੍ਹ ਕਰਨ ਲਈ ਹੱਥ ਆਇਆ ਹਰ ਹਥਿਆਰ ਵਰਤਦੀ ਸੀ। ਮਹੰਤ ਨਰਾਇਣ ਦਾਸ ਸਰਕਾਰ ਦੇ ਹੱਥ ਵਿਚ ਆਇਆ ਉਨ੍ਹਾਂ ਹਥਿਆਰਾਂ ਵਿੱਚੋਂ ਇੱਕ ਸੀ, ਜਿਸਦਾ ਸਰਕਾਰ ਪੂਰਾ ਪੂਰਾ ਲਾਭ ਉਠਾ ਲੈਣਾ ਚਾਹੁੰਦੀ ਸੀ। ਇਸ ਲਈ ਲਾਹੌਰ ਦਾ ਕਮਿਸ਼ਨਰ ਮਿ: ਕਿੰਗ, ਮਹੰਤ ਦੀ ਹਰ ਤਰ੍ਹਾਂ ਦੀ ਮਦਦ ਕਰ ਰਿਹਾ ਸੀ ਤੇ ਅੱਗੇ ਲਈ ਸਹਾਇਤਾ ਕਰਨ ਦਾ ਉਸਨੇ ਮਹੰਤ ਨਾਲ ਪ੍ਰਣ ਕੀਤਾ ਹੋਇਆ ਸੀ। ਮਹੰਤ ਸਰਕਾਰ ਦੇ ਹੱਥ ਵਿਚ ਪੁਤਲੀ ਵਾਂਗ ਨੱਚ ਰਿਹਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 17 ਫ਼ਰਵਰੀ, 1921 ਈਸਵੀ ਦੀ ਖਰਾ ਸੌਦਾ ਵਿਖੇ ਹੋਈ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ਦੋ ਜਥੇ, ਇੱਕ ਭਾਈ ਲਛਮਣ ਸਿੰਘ ਦਾ ਤੇ ਦੂਜਾ ਭਾਈ ਕਰਤਾਰ ਸਿੰਘ ਝੱਬਰ ਦਾ, 19 ਫ਼ਰਵਰੀ ਨੂੰ ਚੰਦਰ ਕੋਟ ਇਕੱਠੇ ਹੋ ਕੇ 20 ਫ਼ਰਵਰੀ ਨੂੰ ਸਵੇਰੇ ਸਵੇਰੇ ਨਨਕਾਣਾ ਸਾਹਿਬ ਪੁੱਜਣ ਤੇ ਮਹੰਤ ਨਰਾਇਣ ਦਾਸ ਨਾਲ ਗੱਲਬਾਤ ਕਰਨ। 19 ਫ਼ਰਵਰੀ ਨੂੰ ਨਰਾਇਣ ਦਾਸ ਦੀ ਤਿਆਰੀ ਦੇਖ ਕੇ ਸ਼੍ਰੋਮਣੀ ਕਮੇਟੀ ਨੇ ਅਕਾਲੀ ਪੱਤ੍ਰਿਕਾ ਦੇ ਦਫ਼ਤਰ ਵਿਚ ਮੀਟਿੰਗ ਕੀਤੀ। ਉਸ ਵਿਚ ਫ਼ੈਸਲਾ ਕੀਤਾ ਗਿਆ ਕਿ ਨਨਕਾਣਾ ਸਾਹਿਬ 20 ਫ਼ਰਵਰੀ ਨੂੰ ਜਥੇ ਨਾ ਲਿਜਾਏ ਜਾਣ। ਭਾਈ ਕਰਤਾਰ ਸਿੰਘ ਝੱਬਰ ਉਸ ਮੀਟਿੰਗ ਵਿਚ ਹਾਜ਼ਰ ਸੀ। ਉਸਨੂੰ ਨਵਾਂ ਫ਼ੈਸਲਾ ਦੱਸ ਦਿੱਤਾ ਗਿਆ ਤੇ ਭਾਈ ਲਛਮਣ ਸਿੰਘ ਨੂੰ ਦੱਸਣ ਲਈ ਕਹਿ ਦਿੱਤਾ ਗਿਆ ਤੇ ਉਸਨੇ ਜ਼ਿੰਮੇਵਾਰੀ ਲੈ ਲਈ।

ਭਾਈ ਲਛਮਣ ਸਿੰਘ ਜੀ ਪਹਿਲੇ ਬਣਾਏ ਹੋਏ ਪ੍ਰੋਗਰਾਮ ਅਨੁਸਾਰ 150 ਸਿੰਘਾਂ ਦਾ ਜਥਾ ਲੈ ਕੇ 19 ਫ਼ਰਵਰੀ ਦੀ ਰਾਤ ਨੂੰ ਚੰਦਰ ਕੋਟ ਪਹੁੰਚ ਗਏ। ਉਨ੍ਹਾਂ ਨੇ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਦੀ ਕੁਝ ਦੇਰ ਇੰਤਜ਼ਾਰ ਕੀਤੀ, ਪਰ ਉਹ ਜਥਾ ਨਾ ਪੁੱਜਿਆ ਤਾਂ ਭਾਈ ਲਛਮਣ ਸਿੰਘ ਨੇ ਆਪਣੇ ਜਥੇ ਦੇ ਸਿੰਘਾਂ ਨੂੰ ਕਿਹਾ, "ਜਦੋਂ ਅਸੀਂ ਸ਼ੁਭ ਕੰਮ ਲਈ ਚਲੇ ਹਾਂ ਤਾਂ ਸਾਨੂੰ ਦੇਰ ਨਹੀਂ ਕਰਨੀ ਚਾਹੀਦੀ।" ਸਾਰੇ ਜਥੇ ਦੇ'ਹਾਂ'ਕਰਨ ਉਪਰੰਤ ਉਨ੍ਹਾਂ ਨੇ ਸਾਰੇ ਜਥੇ ਪਾਸੋਂ ਹੱਥ ਨਾ ਉਠਾਉਣ ਤੇ ਹਰ ਹਾਲਤ ਵਿਚ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ। ਉਸ ਪਿੱਛੋਂ ਜਥੇ ਨੇ ਆਪਣੇ ਨੇਕ ਇਰਾਦੇ ਦੀ ਸਫਲਤਾ ਦੀ ਅਰਦਾਸ ਕੀਤੀ। ਜਥਾ ਅਰਦਾਸ ਕਰ ਕੇ ਅੱਗੇ ਨੂੰ ਚੱਲਣ ਲੱਗਿਆ ਤਾਂ ਭਾਈ ਵਰਿਆਮ ਸਿੰਘ ਜੀ ਪੁੱਜ ਗਏ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਨਵੇਂ ਫ਼ੈਸਲੇ ਦੀ ਚਿੱਠੀ ਦਿਖਾਈ। ਭਾਈ ਟਹਿਲ ਸਿੰਘ ਨੇ ਕਿਹਾ, "ਖ਼ਾਲਸਾ ਜੀ! ਅਸੀਂ ਅਰਦਾਸ ਕਰ ਚੁੱਕੇ ਹਾਂ ਤੇ ਹੁਣ ਪਿੱਛੇ ਨਹੀਂ ਹਟ ਸਕਦੇ। ਸਾਡਾ ਅੱਗੇ ਜਾਣਾ ਹੀ ਬਣਦਾ ਹੈ।" ਸਾਰਾ ਜਥਾ ਭਾਈ ਟਹਿਲ ਸਿੰਘ ਦੇ ਪਿੱਛੇ ਪਿੱਛੇ ਅੱਗੇ ਵਧ ਗਿਆ।

ਸਾਕਾ ਨਨਕਾਣਾ ਸਾਹਿਬ

Happening at Nankana Sahib



20 ਫ਼ਰਵਰੀ ਨੂੰ ਜਥਾ ਨਨਕਾਣਾ ਸਾਹਿਬ ਪੁੱਜ ਗਿਆ। ਸਾਰੇ ਸਿੰਘਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਸਵੇਰ ਦੇ ਛੇ ਵਜੇ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਗਏ। ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਬਾਕੀ ਜਥੇ ਨੇ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ। ਨਰਾਇਣ ਦਾਸ ਨੂੰ ਜਥੇ ਦੇ ਚੰਦਰ ਕੋਟ ਪੁੱਜਣ ਦੀ ਖ਼ਬਰ 19 ਫ਼ਰਵਰੀ ਸ਼ਾਮ ਨੂੰ ਮਿਲ ਗਈ ਸੀ। ਉਸਨੇ ਰਾਤ ਨੂੰ ਹੀ ਆਪਣੇ ਆਦਮੀਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਸਮਝਾ ਦਿੱਤੀਆਂ ਸਨ। ਜਥੇ ਦੇ ਅੰਦਰ ਬੈਠ ਜਾਣ ਪਿੱਛੋਂ ਮਹੰਤ ਨਰਾਇਣ ਦਾਸ ਨੇ ਆਪਣੇ ਆਦਮੀਆਂ ਨੂੰ ਮਿੱਥੀ ਹੋਈ ਕਾਰਵਾਈ ਕਰਨ ਦਾ ਇਸ਼ਾਰਾ ਕਰ ਦਿੱਤਾ।

ਮਹੰਤ ਦੇ ਆਦਮੀਆਂ ਨੇ ਬਾਹਰਲਾ ਗੇਟ ਬੰਦ ਕਰ ਦਿੱਤਾ ਤੇ ਕੋਠਿਆਂ ਉੱਪਰੋਂ ਉਸਦੇ ਆਦਮੀਆਂ ਨੇ ਬੰਦੂਕਾਂ ਦੀਆਂ ਗੋਲੀਆਂ ਨਾਲ ਜਥੇ ਦੇ ਸਿੰਘਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਗੋਲੀਆਂ ਨਾਲ ਪੰਝੀ ਛੱਬੀ ਸਿੰਘ ਵਿਹੜੇ ਵਿਚ ਸ਼ਹੀਦ ਹੋ ਗਏ ਤੇ ਸੱਠ ਦੇ ਕਰੀਬ ਦਰਬਾਰ ਸਾਹਿਬ ਦੇ ਅੰਦਰ ਬੈਠੇ ਗੋਲੀਆਂ ਦਾ ਨਿਸ਼ਾਨਾ ਬਣ ਗਏ। ਮਹੰਤ ਦੇ ਆਦਮੀਆਂ ਨੂੰ ਜਦੋਂ ਜਥੇ ਦਾ ਕੋਈ ਵੀ ਸਿੰਘ ਤੁਰਦਾ-ਫਿਰਦਾ ਨਜ਼ਰ ਨਾ ਆਇਆ ਤਾਂ ਉਹ ਤਲਵਾਰਾਂ ਤੇ ਗੰਡਾਸੇ ਲੈ ਕੇ ਥੱਲੇ ਉਤਰ ਆਏ। ਜਿਹੜਾ ਸਿੰਘ ਉਨ੍ਹਾਂ ਨੂੰ ਸਹਿਕਦਾ ਨਜ਼ਰ ਆਇਆ ਉਸਦੇ ਉਨ੍ਹਾਂ ਟੁਕੜੇ ਕਰ ਦਿੱਤੇ।

ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ, ਜਿਹੜੇ ਸਰਦਾਰ ਉੱਤਮ ਸਿੰਘ ਦੇ ਕਾਰਖ਼ਾਨੇ ਬੈਠੇ ਸਨ, ਉੱਠ ਕੇ ਗੁਰਦੁਆਰੇ ਨੂੰ ਆ ਗਏ। ਮਹੰਤ ਨੇ ਉਨ੍ਹਾਂ ਨੂੰ ਆਉਂਦੇ ਦੇਖ ਕੇ ਪਿਸਤੌਲ ਦੀ ਗੋਲੀ ਨਾਲ ਭਾਈ ਦਲੀਪ ਸਿੰਘ ਨੂੰ ਸ਼ਹੀਦ ਕਰ ਦਿੱਤਾ ਤੇ ਉਸਦੇ ਆਦਮੀਆਂ ਨੇ ਭਾਈ ਵਰਿਆਮ ਸਿੰਘ ਦੇ ਟੁਕੜੇ ਕਰ ਦਿੱਤੇ। ਉਨ੍ਹਾਂ ਦੀਆਂ ਲਾਸ਼ਾਂ ਭੱਠਿਆਂ ਵਿਚ ਸੁੱਟ ਦਿੱਤੀਆਂ, ਜਿੱਥੇ ਪਹਿਲਾਂ ਵੀ ਸਿੰਘਾਂ ਦੀਆਂ ਲਾਸ਼ਾਂ ਅੱਗ ਵਿਚ ਸੜ ਰਹੀਆਂ ਸਨ। ਜਦੋਂ ਰੇਲਵੇ ਲਾਈਨ ਤਕ ਉਨ੍ਹਾਂ ਨੂੰ ਕੋਈ ਕੇਸਾਂ ਵਾਲਾ ਸਿੰਘ ਨਜ਼ਰ ਨਾ ਆਇਆ ਤਾਂ ਮਹੰਤ ਨੇ ਸਾਰੇ ਸਿੰਘਾਂ ਦੀਆਂ ਲਾਸ਼ਾਂ ਨੂੰ ਇਕੱਠਿਆਂ ਕਰ ਕੇ, ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦੇਣ ਦਾ ਹੁਕਮ ਕਰ ਦਿੱਤਾ। ਇੱਕ ਸਿੰਘ ਦੀ ਲਾਸ਼ ਜੰਡ ਦੇ ਦਰੱਖ਼ਤ ਨਾਲ ਬੰਨ੍ਹ ਕੇ ਸਾੜੇ ਹੋਏ ਦੀ ਮਿਲੀ।

ਸਰਦਾਰ ਉੱਤਮ ਸਿੰਘ ਨੇ ਸਵਾ ਨੌਂ ਵਜੇ ਸਰਦਾਰ ਕਰਮ ਸਿੰਘ ਸਟੇਸ਼ਨ ਮਾਸਟਰ ਰਾਹੀਂ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ., ਸੁਪਰਿਨਟੈਂਡੈਂਟ ਪੁਲੀਸ ਤੇ ਸਿੱਖ ਕੇਂਦਰਾਂ ਨੂੰ ਤਾਰਾਂ ਰਾਹੀਂ ਖ਼ਬਰਾਂ ਭੇਜ ਦਿੱਤੀਆਂ। ਡੀ.ਸੀ. ਸਾਢੇ ਬਾਰਾਂ ਵਜੇ ਦੇ ਕਰੀਬ ਤੇ ਕਮਿਸ਼ਨਰ ਕਿੰਗ ਸਾਢੇ ਨੌਂ ਵਜੇ ਪੁੱਜੇ। ਉਨ੍ਹਾਂ ਨੇ 20 ਪਠਾਣਾਂ ਨੂੰ ਗ੍ਰਿਫ਼ਤਾਰ ਕਰ ਕੇ ਗੁਰਦੁਆਰੇ ਨੂੰ ਤਾਲੇ ਲਗਵਾ ਦਿੱਤੇ। 21 ਫ਼ਰਵਰੀ ਨੂੰ ਭਾਈ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈ ਕੇ ਪੁੱਜ ਗਿਆ। ਉਸਦੇ ਜਥੇ ਦੀ ਗਿਣਤੀ ਬਾਈ ਸੌ ਹੋ ਗਈ ਸੀ। ਭਾਈ ਕਰਤਾਰ ਸਿੰਘ ਝੱਬਰ ਦੇ ਕਹਿਣ ਉੱਪਰ ਮਿਸਟਰ ਕਰੀ ਨੇ ਗੁਰਦੁਆਰੇ ਦੀਆਂ ਚਾਬੀਆਂ ਉਨ੍ਹਾਂ ਨੂੰ ਦੇ ਦਿੱਤੀਆਂ। 22 ਫ਼ਰਵਰੀ ਨੂੰ ਸ਼ਾਮ ਦੇ ਸਾਢੇ ਸੱਤ ਵਜੇ ਸ਼ਹੀਦਾਂ ਦੇ ਸਰੀਰਾਂ ਦਾ ਦਾਹ-ਸੰਸਕਾਰ ਕੀਤਾ ਗਿਆ।

23 ਫ਼ਰਵਰੀ, 1921 ਈਸਵੀ ਦੇ 'ਜ਼ਿਮੀਂਦਾਰਾ' ਅਖ਼ਬਾਰ ਨੇ ਲਿਖਿਆ, "ਮੁਸਲਮਾਨਾਂ ਦੀ ਬੇਸ਼ਰਮੀ ਦਾ ਇਸ ਤੋਂ ਵੱਧ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਮਹੰਤ ਦੀ ਮਦਦ ਕੀਤੀ ਹੈ। ਓ ਬੇਸ਼ਰਮ ਮੁਸਲਮਾਨੋਂ! ਕੀ ਅਜੇ ਤੁਹਾਡੀ ਬੇ-ਹਯਾਈ ਤੇ ਬੇਸ਼ਰਮੀ ਦਾ ਪਿਆਲਾ ਲਬੋ-ਲਬਰੇਜ਼ (ਪੂਰਾ) ਨਹੀਂ ਹੋਇਆ। ਤੁਸੀਂ ਬੰਦੂਕਾਂ ਤੇ ਤਲਵਾਰਾਂ ਉਨ੍ਹਾਂ ਦੇ ਖ਼ਿਲਾਫ਼ ਵਰਤਦੇ ਹੋ, ਜਿਹੜੇ ਨਨਕਾਣਾ ਸਾਹਿਬ ਆਪਣਾ ਧਾਰਮਕ ਫ਼ਰਜ਼ ਪੂਰਾ ਕਰਨ ਲਈ ਗਏ। ਤੁਸੀਂ ਮੁਸਲਮਾਨ ਕਹਿਲਾਉਣ ਦੇ ਲਾਇਕ ਨਹੀਂ, ਤੁਸੀਂ ਕਾਫ਼ਰਾਂ ਨਾਲੋਂ ਵੀ ਭੈੜੇ ਹੋ।"

Happening at Nankana Sahib

In October 1920 A.D., a congregation was held at Dharowal, district Shekhupura for reform in Gurdwara Nankana Sahib in which the leaders revealed to the gathering of devotees, the misdeeds being committed inside the Gurdwara. It was unanimously resolved that the Mahant be asked to mend his ways. When Mahant Narain Dass was asked to reform himself, he started making preparations to oppose the Panth (Sikh community) instead. He did not feel it necessary to pay heed to the suggestions of the Committee. He was the owner of the estate attached to the Gurdwara with an income of one hundred thousand rupees besides the offerings of the Gurdwara.

The Mahant recruited hooligans and rogues as paid employees to oppose the Sikhs. With the help of the Government, he collected from Lahore, guns, pistols and other arms and ammunition. He brought and stored fourteen tins of paraffin. He got the Gurdwara gate strengthened and got holes made in it so that bullets could be fired through them. The Government was using every available weapon to make the Akali movement of Gurdwaras reform, a failure. Mahant Narain Dass was one of those weapons in the hands of the Government and the Government wanted to make full use of him. As such, Mr. King, the Commissioner of Lahore was extending every kind of help to the Mahant and had promised him help in the future as well. The Mahant was dancing like a puppet in the hands of the Government.

In the meeting of the Parbandhak Committee at Khara Sauda on the 17th February, 1921 A.D., was decided that two jathas (squads) one led by Bhai Lachhman Singh and the other by Bhai Kartar Singh Jhabbar should meet at Chander Kot on the 19th February. From there they were to reach Nankana Sahib early in the morning of the 20th February to talk to the Mahant. Seeing the preparations of the Mahant, the Parbandhak Committee held a meeting in the office of the 'Akali Patrika' (news paper) on the 19th February in which it was resolved that squads should not be taken to Nankana Sahib on the 20th February. Bhai Kartar Singh Jhabbar was present in the meeting. He was informed about the new decision and was told to inform Bhai Lachhman Singh and he took the responsibility to do so.

In accordance with the original programme, Bhai Lachhman Singh reached Chander Kot on the night of the 19th February with his squad of one hundred and fifty Singhs. He waited for the squad of Bhai Kartar Singh Jhabbar for some time but when they did not arrive, Bhai Lachhman Singh said to the Singhs of his squad, "When we have started for a good cause, we should not waste time." All members of the squad agreed. Bhai Lachhman Singh got a promise from the squad not to strike and remain peaceful come what may. After that the squad prayed for the success of their nobel resolve. When, after the prayer, the squad

was about to move forward, Bhai Waryam Singh arrived. He showed them the letter about the new decision of the Committee. Bhai Tehal Singh said, "Dear Khalsa, we have taken our resolve at the prayer and cannot turn back now. It is imperative for us to move forward." The squad as a whole moved forward following Bhai Tehal Singh.


The squad arrived at Nankana Sahib on 20th February, bathed in the pool and entered the Gurdwara at 6 a.m. Bhai Lachhman Singh sat in'Taabiya'(behind Guru Granth Sahib). The squad started singing 'Asa Di War' (Ballad from Guru Granth Sahib). The Mahant had got the news of the squad's arrival at Chander Kot on the 19th February evening. He had gathered his men at night and briefed them about their duties. After the squad had sat down, the Mahant signalled his men to carry out the predetermined plan.

The Mahant's men closed the main gate and started firing from roof tops. Twenty-five or twenty-six Singhs became martyrs to those bullets in the courtyard while another sixty or so sitting inside the Darbar Sahib became targets of the bullets. When the Mahant's men saw no one moving, they came down with swords and choppers. Any Singh they found breathing was cut to pieces.

At the sound of the gun-fire, Bhai Dalip Singh and Bhai Waryam Singh who were sitting in the factory of Bhai Uttam Singh, got up and rushed towards the Gurdwara. When the Mahant saw them coming, he shot Bhai Dalip Singh with his pistol while his men cut Bhai Waryam Singh to pieces. They threw their bodies into kilns where other bodies were also burning. When no Singh with hair could be seen upto the railway line, the Mahant asked his men to collect all the dead bodies, pour paraffin and burn them. The body of one Singh was found tied to a tree and burnt.

At 9.15 a.m., Sardar Uttam Singh conveyed the news by telegram through Sardar Karam Singh Station Master to the Governor of Panjab, Commissioner, Deputy Commissioner, Superintendent of police and Sikh centres. Deputy Commissioner, Mr. Curry reached at 12.30 p.m. while Commissioner, Mr. King arrived at 9.30 p.m. They arrested twenty Pathans and locked the Gurdwara. Sardar Kartar Singh Jhabbar arrived with his squad on the 21st February. The number of that squad had increased to twenty-two hundred. On the demand of the leader of the squad, Mr. Curry handed over the keys of the Gurdwara to him. At 7.30 p.m. on the 22nd February, the bodies of the martyrs were cremated according to Sikh tradition.

'Zamindara', an Urdu paper wrote in its editorial of the 23rd February, 1921 A.D., "What more proof of the shamelessness of the Muslims is required than that they have helped the Mahant. O, shameless Muslims, isn't the cup of your shamelessness and impudence full as yet ? You used your guns and swords against those who went to Nankana Sahib to perform their religious duties. You are not fit to be called Muslims. You are worse than infidels."


ਸਾਕਾ ਪੰਜਾ ਸਾਹਿਬ
Happening at Panja Sahib

ਸਾਕਾ ਪੰਜਾ ਸਾਹਿਬ

8 ਅਗਸਤ, 1922 ਈਸਵੀ ਨੂੰ ਪੰਜ ਸੇਵਾਦਾਰਾਂ ਨੂੰ, ਗੁਰੂ ਕੇ ਬਾਗ਼ ਦੇ ਗੁਰਦੁਆਰੇ ਦੀ ਬੰਜਰ ਜ਼ਮੀਨ ਵਿੱਚੋਂ ਲੰਗਰ ਲਈ ਕਿੱਕਰਾਂ ਵੱਢਦਿਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਉੱਪਰ ਮਹੰਤ ਦੀ ਜ਼ਮੀਨ ਵਿੱਚੋਂ ਚੋਰੀ ਲੱਕੜਾਂ ਕੱਟਣ ਦਾ ਮੁਕੱਦਮਾ ਬਣਾ ਕੇ, ਉਨ੍ਹਾਂ ਨੂੰ 50-50 ਰੁਪਏ ਜੁਰਮਾਨਾ ਅਤੇ ਛੇ ਛੇ ਮਹੀਨੇ ਦੀ ਕੈਦ ਸੁਣਾ ਦਿੱਤੀ ਗਈ। ਸ਼੍ਰੋਮਣੀ ਕਮੇਟੀ ਨੇ ਸਰਕਾਰ ਦੇ ਇਸ ਧੱਕੇ ਦੇ ਖ਼ਿਲਾਫ਼ ਮੋਰਚਾ ਲਗਾ ਦਿੱਤਾ। ਉਸ ਮੋਰਚੇ ਵਿਚ ਹਿੱਸਾ ਲੈਣ ਵਾਲੇ ਸਿੰਘਾਂ ਨੂੰ ਮਿ: ਬੀ.ਟੀ. ਐਡੀਸ਼ਨਲ ਪੁਲੀਸ ਕਪਤਾਨ ਨੇ ਲਾਠੀਆਂ ਨਾਲ ਕੁਟਵਾਉਣਾ ਸ਼ੁਰੂ ਕਰ ਦਿੱਤਾ। 13 ਸਤੰਬਰ ਨੂੰ ਰੈਵਰੈਂਡ ਸੀ.ਐਫ. ਐਂਡ੍ਰੀਊਜ਼ ਦੀ ਪ੍ਰੇਰਨਾ ਨਾਲ ਕੁਟਾਈ ਬੰਦ ਹੋ ਗਈ ਤੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ ਗਿਆ।

ਉਸ ਮੋਰਚੇ ਵਿਚ ਇੱਕ ਦਿਨ ਫ਼ੌਜੀ ਪਿਨਸ਼ਨੀਆਂ ਦਾ ਜਥਾ ਗ੍ਰਿਫ਼ਤਾਰ ਹੋਇਆ, ਜਿਸ ਦਾ ਜਥੇਦਾਰ, ਸੂਬੇਦਾਰ ਅਮਰ ਸਿੰਘ ਧਾਲੀਵਾਲ, ਰਿਆਸਤ ਕਪੂਰਥਲੇ ਦਾ ਸੀ। ਉਸ ਜਥੇ ਦੇ ਸਿੰਘਾਂ ਨੂੰ ਮੈਜਿਸਟ੍ਰੇਟ ਅਸਲਮ ਖ਼ਾਨ ਨੇ ਢਾਈ-ਢਾਈ ਸਾਲਾਂ ਦੀ ਕੈਦ ਤੇ ਸੌ ਸੌ ਰੁਪਏ ਜੁਰਮਾਨਾ ਕੀਤਾ। 29 ਅਕਤੂਬਰ, 1922 ਈਸਵੀ ਦੀ ਰਾਤ ਨੂੰ ਉਨ੍ਹਾਂ ਸਿੰਘਾਂ ਨੂੰ ਅੰਮ੍ਰਿਤਸਰ ਤੋਂ ਅੱਟਕ ਦੀ ਗੱਡੀ ਵਿਚ ਬਿਠਾ ਦਿੱਤਾ ਗਿਆ। 30 ਅਕਤੂਬਰ ਨੂੰ ਗੱਡੀ ਰਾਵਲਪਿੰਡੀ ਰੁਕੀ, ਨਵਾਂ ਸਟਾਫ਼ ਤੇ ਪਾਣੀ ਲੈ ਕੇ ਚਲ ਪਈ। ਰਸਤੇ ਉੱਪਰ ਪੈਂਦੇ ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੇ ਜਥੇ ਦੀ ਸੇਵਾ ਕਰਨ ਲਈ 31 ਅਕਤੂਬਰ ਨੂੰ ਸਵੇਰੇ-ਸਵੇਰੇ ਖਾਣ-ਪੀਣ ਦਾ ਸਾਮਾਨ ਲਿਜਾ ਕੇ ਸਟੇਸ਼ਨ ਉੱਪਰ ਰਖ ਲਿਆ ਤੇ ਗੱਡੀ ਦੇ ਆਉਣ ਦਾ ਇੰਤਜ਼ਾਰ ਕਰਨ ਲੱਗੀ।

ਸਟੇਸ਼ਨ ਮਾਸਟਰ ਨੇ ਸੰਗਤ ਨੂੰ ਦੱਸਿਆ, "ਗੱਡੀ ਇਸ ਸਟੇਸ਼ਨ ਉੱਪਰ ਨਹੀਂ ਰੁਕਣੀ, ਤੁਸੀਂ ਐਵੇਂ ਇਹ ਪ੍ਰਬੰਧ ਕੀਤਾ ਹੈ।" ਭਾਈ ਕਰਮ ਸਿੰਘ ਨੇ ਸਟੇਸ਼ਨ ਮਾਸਟਰ ਨੂੰ ਉੱਤਰ ਦਿੱਤਾ, "ਬਾਬੇ ਨਾਨਕ ਨੇ ਇੱਕ ਹੱਥ ਦੇ ਪੰਜੇ ਨਾਲ ਪਹਾੜ ਰੋਕ ਦਿੱਤਾ ਸੀ, ਕੀ ਉਸਦੇ ਸਿੱਖ ਇੱਕ ਗੱਡੀ ਨਹੀਂ ਰੋਕ ਸਕਦੇ ?" ਦਸ ਵਜੇ ਗੱਡੀ ਆਉਂਦੀ ਦੇਖ ਕੇ ਭਾਈ ਕਰਮ ਸਿੰਘ ਜੀ ਲਾਇਨ ਉੱਪਰ ਲੇਟ ਗਏ ਅਤੇ ਉਸਦੇ ਪਿੱਛੇ ਭਾਈ ਪ੍ਰਤਾਪ ਸਿੰਘ, ਭਾਈ ਗੰਗਾ ਸਿੰਘ, ਭਾਈ ਚਰਨ ਸਿੰਘ, ਭਾਈ ਨਿਹਾਲ ਸਿੰਘ, ਭਾਈ ਤਾਰਾ ਸਿੰਘ, ਭਾਈ ਫ਼ਕੀਰ ਸਿੰਘ, ਭਾਈ ਕਲਿਆਣ ਸਿੰਘ ਤੇ ਹੋਰ ਸਿੰਘ ਸਿੰਘਣੀਆਂ ਵੀ। ਡਰਾਈਵਰ ਨੇ ਸਿੰਘਾਂ ਨੂੰ ਲਾਈਨ ਵਿਚ ਪਏ ਦੇਖ ਕੇ ਬਹੁਤ ਵਿਸਲ ਦਿੱਤੇ ਪਰ ਸਿੰਘ ਆਪਣੀਆਂ ਥਾਵਾਂ ਉੱਪਰ ਡਟੇ ਰਹੇ, ਜਿਵੇਂ ਉਨ੍ਹਾਂ ਨੂੰ ਵਿਸਲ ਸੁਣੇ ਹੀ ਨਾ ਹੋਣ। ਇੰਜਣ ਨੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੀਆਂ ਹੱਡੀਆਂ ਦਾ ਚੂਰਾ ਕਰ ਦਿੱਤਾ ਤੇ ਬਾਕੀਆਂ ਨੂੰ ਸੱਟਾਂ ਵੱਜੀਆਂ। ਗੱਡੀ ਰੁਕ ਗਈ। ਭਾਈ ਕਰਮ ਸਿੰਘ ਨੇ ਗੱਡੀ ਦੇ ਰੁਕ ਜਾਣ 'ਤੇ ਸੰਗਤ ਨੂੰ ਕਿਹਾ, "ਪਹਿਲਾਂ ਗੱਡੀ ਵਿਚਲੇ ਭੁੱਖੇ ਸਿੰਘਾਂ ਦੀ ਸੇਵਾ ਕਰੋ ਤੇ ਪਿੱਛੋਂ ਸਾਨੂੰ ਦੇਖ ਲੈਣਾ।" ਗੱਡੀ ਡੇਢ ਘੰਟਾ ਰੁਕੀ। ਸੰਗਤਾਂ ਨੇ ਗੱਡੀ ਵਿਚ ਜਾ ਰਹੇ ਸਿੰਘਾਂ ਦੀ ਦਿਲ ਖੋਲ੍ਹ ਕੇ ਸੇਵਾ ਕਰਨ ਪਿੱਛੋਂ ਫੱਟੜਾਂ ਵੱਲ ਧਿਆਨ ਦਿੱਤਾ। ਭਾਈ ਕਰਮ ਸਿੰਘ, ਕੇਸਗੜ੍ਹ ਸਾਹਿਬ ਦੇ ਮਹੰਤ ਭਾਈ ਭਗਵਾਨ ਦਾਸ ਦੇ ਪੁੱਤਰ, 30 ਸਾਲਾਂ ਦੇ, ਕੁਝ ਘੰਟੇ ਪਿੱਛੋਂ ਪ੍ਰਾਣ ਤਿਆਗ ਗਏ। ਦੂਜੇ ਦਿਨ ਭਾਈ ਪ੍ਰਤਾਪ ਸਿੰਘ, ਅਕਾਲ ਗੜ੍ਹ ਗੁੱਜਰਾਂਵਾਲੇ ਸ: ਸਰੂਪ ਸਿੰਘ ਸਰਾਫ਼ ਦੇ ਪੁੱਤਰ, 24 ਸਾਲ ਦੇ, ਸ਼ਹੀਦੀ ਪਾ ਗਏ।

ਡਰਾਈਵਰ ਨੂੰ ਜਦੋਂ ਗੱਡੀ ਰੋਕਣ ਬਾਰੇ ਪੁੱਛਿਆ ਗਿਆ ਤਾਂ ਉਸਨੇ ਉੱਤਰ ਦਿੱਤਾ, "ਜਦੋਂ ਗੱਡੀ ਲਾਈਨ ਉੱਪਰ ਲੇਟੇ ਸਿੰਘਾਂ ਵਿਚ ਲੱਗੀ ਤਾਂ ਮੇਰੇ ਹੱਥੋਂ ਵੈਕਿਉਮ ਛੁਟ ਗਿਆ ਤੇ ਗੱਡੀ ਰੁਕ ਗਈ। ਮੈਂ ਬਰੇਕ ਨਹੀਂ ਲਗਾਏ।"

Happening at Panja Sahib

On the 8th August, 1922 A.D., the police arrested five Singhs for cutting Acacia wood for langar (community kitchen) from uncultivated land attached to Gurdwara Guru Ka Bagh. Everyone was sentenced to a fine of rupees fifty and imprisonment for six months on charge of stealing wood from the land of the Mahant. Shiromani Gurdwara Parbandhak Committee started an agitation against this excess of the Government. Mr. B.T., the additional police superintendent started beating with clubs the Singhs taking part in the agitation. On the 13th September, the beating was stopped on motivation from Reverend C.F. Andrews and Singhs were arrested and sent to prisons.

One day a squad of army pensioners led by Subedar Amar Singh Dhaliwal from Kapurthala state courted arrest. Magistrate Aslam Khan sentenced those Singhs to imprisonment of two and a half years and a fine of one hundred rupees each. Those Singhs were boarded on a train from Amritsar to Attak on the night of the 29th October, 1922 A.D. The train stopped at Rawalpindi on the 30th October and moved on after change of staff and taking water for the locomotive. The Sikh community of Gurdwara Panja Sahib on that route got ready food and drink to serve the Singhs of the squad, took it to the railway station early in the morning of the 31st October and started waiting for the train to arrive.

The station master told them, "The train shall not stop at this station. You have made these arrangements for nothing." Bhai Karam Singh replied, "Baba Nanak had stopped a mountain with one hand. Cannot his Sikhs stop a train ?" At ten o'clock, seeing the train approaching, Bhai Karam Singh lay on the railway line. Next to him Bhai Partap Singh, Sardar Ganga Singh, Sardar Charan Singh, Sardar Nihal Singh, S. Tara Singh, S. Fakir Singh, S. Kalyan Singh and many other Singhs and Kaurs (female of Singh) squatted on the track. Seeing the Singhs lying on the track, the driver of the train blew the whistle time and again but the Singhs did not budge as if they had not heard the whistle at all. The engine ground the bones of Bhai Karam Singh and Bhai Partap Singh to pulp and the others suffered injuries. The train stopped. Bhai Karam Singh said to Sangat (Sikh devotees), "Serve the hungry Singhs in the train first. You can take care of us afterwards." The train halted for one and a half hours. The Sikhs served the Singhs in the train whole-heartedly and then turned to the injured. Bhai Karam Singh, thirty year old son of Bhai Bhagwan Dass Mahant of Kesgarh Sahib died after a few hours. On the next day Bhai Partap Singh, twenty-four years of age, son of S. Sarup Singh goldsmith of Akal Garh, Gujjranwala attained martyrdom.

When the train-driver was asked the reason for stopping the train, he replied, "When the train hit the Singhs lying on the track, vacuum lever dropped out of my hand and the train stopped. I did not apply the brakes."

ਸਰਦਾਰ ਕਿਸ਼ਨ ਸਿੰਘ

ਸ: ਕਿਸ਼ਨ ਸਿੰਘ ਦਾ ਪਿੰਡ ਬੜਿੰਗ, ਜ਼ਿਲ੍ਹਾ ਜਲੰਧਰ ਸੀ। ਉਹ 2/35 ਸਿੱਖ ਰੈਜਮੈਂਟ ਵਿਚ ਹਵਾਲਦਾਰ ਮੇਜਰ ਸਨ। ਸਰਕਾਰ ਵਿਰੁੱਧ ਪ੍ਰਚਾਰ ਕਰਨ ਦੇ ਦੋਸ਼ ਵਿਚ ਉਨ੍ਹਾਂ ਨੂੰ 28 ਦਿਨਾਂ ਦੀ ਸਜ਼ਾ ਦੇਣ ਪਿੱਛੋਂ ਪੈਨਸ਼ਨ ਦੇ ਕੇ ਰੀਟਾਇਰ ਕਰ ਦਿੱਤਾ ਗਿਆ ਸੀ। 1920 ਈਸਵੀ ਵਿਚ ਉਹ ਅਕਾਲੀ ਲਹਿਰ ਦੇ ਮੈਂਬਰ ਬਣ ਗਏ। ਚੰਗੇ ਪ੍ਰਚਾਰਕ ਹੋਣ ਕਰਕੇ ਅਪ੍ਰੈਲ 1921 ਈਸਵੀ ਵਿਚ ਉਨ੍ਹਾਂ ਨੂੰ ਅਕਾਲੀ ਦਲ ਦਾ ਸਕੱਤਰ ਬਣਾ ਦਿੱਤਾ ਗਿਆ।

21 ਮਾਰਚ, 1921 ਈਸਵੀ ਨੂੰ ਹੁਸ਼ਿਆਰਪੁਰ ਵਿਚ ਜਿਹੜੀ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੋਈ ਸੀ, ਉਸ ਵਿਚ ਇਨਕਲਾਬੀ ਸਿੱਖਾਂ ਦੀ ਇੱਕ ਮੀਟਿੰਗ ਹੋਈ ਸੀ। ਉਸ ਵਿਚ ਫ਼ੈਸਲਾ ਕੀਤਾ ਗਿਆ ਸੀ ਕਿ 21 ਫ਼ਰਵਰੀ ਨੂੰ ਨਨਕਾਣਾ ਸਾਹਿਬ ਹੋਏ ਸਾਕੇ ਦੇ ਜ਼ਿੰਮੇਵਾਰਾਂ ਨੂੰ ਸੋਧ ਦਿੱਤਾ ਜਾਵੇ। ਉਸ ਮੀਟਿੰਗ ਵਿਚ ਸ: ਕਿਸ਼ਨ ਸਿੰਘ ਵੀ ਹਾਜ਼ਰ ਸਨ। 21 ਮਈ ਨੂੰ ਸ: ਕਿਸ਼ਨ ਸਿੰਘ ਦੇ ਵਾਰੰਟ ਨਿਕਲੇ ਤਾਂ ਉਹ ਫ਼ਰਾਰ ਹੋ ਗਏ। ਉਨ੍ਹਾਂ ਨੇ ਹਥਿਆਰਬੰਦ ਬਗ਼ਾਵਤ ਕਰਨ ਦਾ ਪ੍ਰੋਗਰਾਮ ਬਣਾ ਕੇ ਮੇਲਿਆਂ ਤੇ ਹੋਰ ਇਕੱਠਾਂ ਉੱਪਰ ਸਰਕਾਰ ਦੇ ਵਿਰੁੱਧ ਤਕਰੀਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।


ਨਵੰਬਰ 1921 ਈਸਵੀ ਵਿਚ ਰੁੜਕਾ ਕਲਾਂ, ਜ਼ਿਲ੍ਹਾ ਜਲੰਧਰ ਵਿਚ ਕਾਨਫ਼ਰੰਸ ਕਰ ਕੇ ਪ੍ਰਚਾਰਕ ਜਥੇ ਦਾ ਨਾਂ ਚੱਕਰਵਰਤੀ ਜਥਾ ਰਖ ਲਿਆ। ਅਗਸਤ 1922 ਈਸਵੀ ਵਿਚ ਉਨ੍ਹਾਂ ਨੇ 'ਬੱਬਰ ਅਕਾਲੀ ਦੁਆਬਾ' ਨਾਂ ਦਾ ਖ਼ੁਫ਼ੀਆ ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ ਤੇ ਜਥੇ ਦਾ ਨਾਂ 'ਬੱਬਰ ਅਕਾਲੀ ਜਥਾ' ਰਖ ਲਿਆ। ਉਸ ਅਖ਼ਬਾਰ ਵਿਚ ਭੜਕਾਊ ਲੇਖ ਤੇ ਜੋਸ਼ੀਲੀਆਂ ਕਵਿਤਾਵਾਂ ਹੁੰਦੀਆਂ। ਉਹ ਇਸ਼ਤਿਹਾਰ ਵੀ ਕੱਢਦੇ, ਜਿਹੜੇ ਝੋਲੀਚੁੱਕਾਂ ਦੇ ਘਰਾਂ ਦੇ ਦਰਵਾਜ਼ਿਆਂ 'ਤੇ ਲਾਏ ਜਾਂਦੇ ਕਿ ਉਹ ਪੁੱਠੇ ਰਾਹ ਛੱਡ ਦੇਣ, ਨਹੀਂ ਤਾਂ ਉਨ੍ਹਾਂ ਨੂੰ ਸੋਧ ਦਿੱਤਾ ਜਾਵੇਗਾ।

ਬੱਬਰਾਂ ਨੇ ਜ਼ੈਲਦਾਰ ਬਿਸ਼ਨ ਸਿੰਘ, ਬੰਤਾ ਨੰਬਰਦਾਰ, ਸੂਬੇਦਾਰ ਗੇਂਦਾ ਸਿੰਘ, ਮਿਸਤਰੀ ਲਾਭ ਸਿੰਘ, ਪਟਵਾਰੀ ਅਤਾ ਮੁਹੰਮਦ, ਬਿਸ਼ਨ ਸਿੰਘ ਸੰਧੜਾਂ, ਜੁਆਲਾ ਸਿੰਘ ਵਰਗੇ ਹੋਰ ਬਹੁਤ ਸਾਰੇ ਝੋਲੀਚੁੱਕ ਸੋਧ ਦਿੱਤੇ। ਮੌਤ ਤੋਂ ਡਰਦੇ ਮਾਰਿਆਂ, ਝੋਲੀਚੁੱਕਾਂ ਨੇ ਘਰੋਂ ਨਿਕਲਣਾ ਬੰਦ ਕਰ ਦਿੱਤਾ, ਜਿਸ ਨਾਲ ਸਰਕਾਰ ਦੇ ਕਚਹਿਰੀਆਂ ਦੇ ਕੰਮ ਬੰਦ ਹੋਣ ਲੱਗੇ। ਸਰਕਾਰ ਨੇ ਬੱਬਰਾਂ ਨੂੰ ਫੜਨ ਲਈ ਪਨਾਹ ਦੇਣ ਵਾਲਿਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਬੱਬਰਾਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲਿਆਂ ਨੂੰ ਇਨਾਮ ਦੇਣ ਦੇ ਲਾਲਚ ਦਿੱਤੇ। ਲਾਲਚ ਵਿਚ ਫਸ ਕੇ ਪਨਾਹ ਦੇਣ ਵਾਲਿਆਂ ਨੇ ਬੱਬਰਾਂ ਨੂੰ ਗ੍ਰਿਫ਼ਤਾਰ ਕਰਵਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ 4 ਅਪ੍ਰੈਲ, 1924 ਈਸਵੀ ਤਕ 91 ਬੱਬਰ ਗ੍ਰਿਫ਼ਤਾਰ ਕਰ ਲਏ ਗਏ ਤੇ ਹੋਰ ਬਹੁਤ ਸਾਰੇ ਪੁਲੀਸ ਨਾਲ ਮੁਕਾਬਲਾ ਕਰਦੇ ਸ਼ਹੀਦੀਆਂ ਪਾ ਗਏ। ਜਿਹੜੇ ਬੱਬਰ ਬਚ ਗਏ, ਉਹ ਦੁਆਬੇ ਤੋਂ ਬਾਹਰ ਚਲੇ ਗਏ, ਪਰ ਉਨ੍ਹਾਂ ਨੇ ਝੋਲੀਚੁੱਕਾਂ ਨੂੰ ਸੋਧਣਾ ਜਾਰੀ ਰਖਿਆ, ਜਦੋਂ ਤਕ ਕਿ ਉਹ ਆਪ ਜਿਊਂਦੇ ਰਹੇ।

ਸ: ਕਿਸ਼ਨ ਸਿੰਘ ਉਨ੍ਹਾਂ ਗ੍ਰਿਫ਼ਤਾਰ ਹੋਏ ਬੱਬਰਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਵਕੀਲ ਦੀ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ ਸੀ ਤੇ ਕਿਹਾ ਸੀ, "ਸਾਨੂੰ ਹਕੂਮਤ ਉਤੇ ਕੋਈ ਭਰੋਸਾ ਨਹੀਂ। ਇਹ ਅਦਾਲਤਾਂ ਵਿਖਾਵੇ ਤੇ ਫ਼ਰੇਬ ਹਨ।" 28 ਫ਼ਰਵਰੀ, 1925 ਈਸਵੀ ਨੂੰ 6 ਨੂੰ ਫਾਂਸੀ, 10 ਨੂੰ ਕਾਲੇ ਪਾਣੀ, 41 ਨੂੰ 2 ਮਹੀਨੇ ਤੋਂ ਲੈ ਕੇ 7 ਸਾਲ ਤੱਕ ਦੀ ਕੈਦ ਤੇ 34 ਨੂੰ ਬਰੀ ਕਰ ਦਿੱਤਾ ਗਿਆ ਸੀ। ਸ: ਕਿਸ਼ਨ ਸਿੰਘ, ਸ: ਕਰਮ ਸਿੰਘ, ਸ: ਸੰਤਾ ਸਿੰਘ, ਸ: ਨੰਦ ਸਿੰਘ, ਸ: ਦਲੀਪ ਸਿੰਘ ਤੇ ਸ: ਧਰਮ ਸਿੰਘ, 6 ਬੱਬਰਾਂ ਨੂੰ 27 ਫ਼ਰਵਰੀ, 1926 ਈਸਵੀ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਸਰਦਾਰ ਕਿਸ਼ਨ ਸਿੰਘ

Sardar Kishan Singh



Sardar Kishan Singh


Sardar Kishan Singh belonged to village Birang, district Jalandhar. He was a Havaldar Major in 2/35 Sikh regiment. He was court martialled for twenty-eight days on the charge of propaganda against the Government and was pensioned off. He joined the Akali movement in 1920 A.D. For being a good preacher, he was made the secretary of the Akali Dal in April, 1921 A.D.

In the Sikh Educational Conference which was held in Hoshiarpur on the 21st March, 1921 A.D., a meeting of revolutionary Singhs was held in which it was resolved that those responsible for the happening at Nankana Sahib on the 21st February, 1921 A.D., be punished. Sardar Kishan Singh was also present in that meeting. When warrants of arrest of Sardar Kishan Singh were issued on the 21st May, he went underground. With a view to stage an armed rebellion, he started making speeches against the Government at fairs and other gatherings.

He held a conference at Rurka Kalan in Jalandhar district and named his preacher group as 'Chakarvarti Jatha' (squad on the move). In August 1922 A.D., he started a secret news paper by the name of Babbar Akali Doaba and renamed their squad as 'Babbar Akali Jatha'. Provoking articles and emotional poems were given in that news paper. They also printed posters which were pasted on the doors of the houses of adulators of the Government so that they may mend their ways failing which they will be punished.

The Babbars finished off Zaildar Bishan Singh, Numbardar Banta Singh, Subedar Genda Singh, Labh Singh carpenter, Patwari Atta Mohammad, Bishan Singh Sandhran, Jwala Singh and many other adulators like them. The adulators stopped moving out of their houses for fear of death due to which the Government work in courts started to suffer. In order to arrest Babbars, the Government started harassing those giving them shelter and tempted those helping in their arrest with rewards. Falling to the temptation, those giving shelter, started getting the Babbars arrested. In this way, ninety-one Babbars had been arrested up to the 4th April, 1924 and many had attained martyrdom in the encounters with the police. Those Babbars who escaped, left Doaba region but they kept on chastising the adulators as long as they themselves were alive.

Sardar Kishan Singh was one of those Babbars who had refused to take the help of a lawyer and had said, "We have no faith in the Government. These courts are mere a facade and deceit." On the 28th February, 1925 A.D., six Babbars were sentenced to death, ten were exiled, forty-one were imprisoned ranging from two months to seven years and thirty-four were released. Six Babbars namely, S. Kishan Singh, S. Karam Singh, S. Santa Singh, S. Nand Singh, S. Dalip Singh and S. Dharm Singh were hanged in the Central Jail, Lahore on the 27th February, 1926 A.D.


ਸਾਕਾ ਗੰਗਸਰ
Happening at Gangsar

ਸਾਕਾ ਗੰਗਸਰ

ਮਹਾਰਾਜਾ ਰਿਪੁਦਮਨ ਸਿੰਘ ਨੇ 25 ਜਨਵਰੀ, 1912 ਈਸਵੀ ਨੂੰ ਰਾਜ-ਗੱਦੀ ਸੰਭਾਲਣ ਸਮੇਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ, ਰਾਜ-ਅਧਿਕਾਰੀ ਤਲਵਾਰ ਆਪ ਹੀ ਪਹਿਨ ਲਈ ਸੀ। ਉਸਨੇ ਕਿਸੇ ਅੰਗ੍ਰੇਜ਼ ਅਫ਼ਸਰ ਪਾਸੋਂ ਰਾਜ-ਭਾਗ ਸੰਭਾਲਣ ਦਾ ਨਿਸ਼ਾਨ ਪ੍ਰਾਪਤ ਨਹੀਂ ਕੀਤਾ ਸੀ, ਜਿਵੇਂ ਕਿ ਰਿਵਾਜ ਸੀ। ਉਸਦੇ ਰਾਜ ਵਿਚ ਕ੍ਰਿਪਾਨਧਾਰੀ ਸਿੰਘ, ਕਾਲੀ ਦਸਤਾਰ ਸਜਾ ਕੇ ਬਿਨਾ ਕਿਸੇ ਪੁੱਛ-ਗਿੱਛ ਤੋਂ ਫਿਰ ਸਕਦਾ ਸੀ, ਜਿਸ ਉੱਪਰ ਜਦੋਂ ਕਿ ਅੰਗ੍ਰੇਜ਼ ਸਰਕਾਰ ਵੱਲੋਂ ਪਾਬੰਦੀ ਲੱਗੀ ਹੋਈ ਸੀ। 20 ਫ਼ਰਵਰੀ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਨਾਭੇ ਰਿਆਸਤ ਵਿਚ ਮਨਾਈ ਜਾਂਦੀ ਸੀ, ਜਿਸ ਸਾਕੇ ਦੀ ਸਰਕਾਰ ਜ਼ਿੰਮੇਵਾਰ ਸੀ। ਇਸ ਤਰ੍ਹਾਂ ਦੇ ਦੇਸ਼-ਭਗਤ ਨੂੰ ਰਾਜ-ਗੱਦੀ ਉੱਪਰ ਬੈਠੇ ਨੂੰ ਅੰਗ੍ਰੇਜ਼ ਸਰਕਾਰ ਲਈ ਬਰਦਾਸ਼ਤ ਕਰਨਾ ਮੁਸ਼ਕਲ ਸੀ।

ਅੰਗ੍ਰੇਜ਼ ਸਰਕਾਰ ਉਸਨੂੰ ਰਾਜ-ਗੱਦੀ ਤੋਂ ਅਲੱਗ ਕਰਨ ਦਾ ਬਹਾਨਾ ਭਾਲਦੀ ਸੀ। ਮਹਾਰਾਜਾ ਪਟਿਆਲਾ ਨਾਭੇ ਦੀ ਰਿਆਸਤ ਵਿੱਚੋਂ ਇੱਕ ਰਜਨੀ ਨਾਂ ਦੀ ਲੜਕੀ ਜ਼ਬਰਦਸਤੀ ਉਠਾ ਕੇ ਲੈ ਗਿਆ। ਉਸ ਲੜਕੀ ਦੇ ਕਾਰਨ ਉਨ੍ਹਾਂ ਦੋਹਾਂ ਦਾ ਆਪਸ ਵਿਚ ਝਗੜਾ ਹੋ ਗਿਆ। ਅੰਗ੍ਰੇਜ਼ ਸਰਕਾਰ ਨੇ ਮੌਕੇ ਦਾ ਲਾਭ ਉਠਾਉਂਦੇ ਹੋਏ ਨਾਭੇ ਦੇ ਮਹਾਰਾਜੇ ਨੂੰ 9 ਜੁਲਾਈ, 1923 ਈਸਵੀ ਨੂੰ ਗੱਦੀ ਤੋਂ ਲਾਹ ਦਿੱਤਾ ਤੇ ਉਸਨੂੰ ਤਿੰਨ ਲੱਖ ਰੁਪਏ ਦੀ ਸਾਲਾਨਾ ਜਾਗੀਰ ਦੇ ਕੇ ਡੇਹਰਾਦੂਨ ਭੇਜ ਦਿੱਤਾ।

ਮਹਾਰਾਜੇ ਦੇ ਗੱਦੀਓਂ ਲਾਹੇ ਜਾਣ ਉੱਪਰ ਰਿਆਸਤ ਦੀ ਪਰਜਾ ਬਹੁਤ ਬੇਚੈਨ ਹੋਈ। ਇਸ ਸੰਬੰਧ ਵਿਚ 25-27 ਅਗਸਤ, 1923 ਈਸਵੀ ਨੂੰ ਸਿੱਖਾਂ ਨੇ, ਜੈਤੋ ਮੰਡੀ ਗੁਰਦੁਆਰੇ ਗੰਗਸਰ ਵਿਚ ਅਖੰਡ ਪਾਠ ਰਖਿਆ। ਪੁਲੀਸ ਨੇ ਗੁਰਦੁਆਰੇ ਆਉਣ ਵਾਲੀ ਸੰਗਤ ਦੇ ਨਾਂ ਲਿਖਣੇ ਸ਼ੁਰੂ ਕਰ ਦਿੱਤੇ ਤੇ ਲੰਗਰ ਲਈ ਰਸਦ ਲੈ ਕੇ ਆਉਣ ਵਾਲੀ ਸੰਗਤ ਨੂੰ ਦਬਕਾਉਣ ਲੱਗੀ। ਪੁਲੀਸ ਦੇ ਇਸ ਤਰ੍ਹਾਂ ਦੇ ਰਵੱਈਏ ਦੇ ਹੁੰਦੇ ਹੋਏ ਵੀ ਸੰਗਤ ਗੁਰਦੁਆਰੇ ਆਉਂਦੀ ਰਹੀ। 27 ਅਗਸਤ ਨੂੰ ਪੁਲੀਸ ਨੇ ਸ: ਇੰਦਰ ਸਿੰਘ ਮੌੜ ਨੂੰ ਬਿਨਾ ਕਿਸੇ ਵਾਰੰਟ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਗ੍ਰਿਫ਼ਤਾਰ ਕਰ ਲਿਆ। ਇੱਕ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਗ੍ਰਿਫ਼ਤਾਰ ਕਰਨਾ ਇੱਕ ਧਾਰਮਿਕ ਮਸਲਾ ਬਣ ਗਿਆ। ਸੰਗਤ ਨੇ ਫ਼ੈਸਲਾ ਕੀਤਾ ਕਿ ਅਖੰਡ ਪਾਠਾਂ ਦੀ ਲੜੀ ਤਦ ਤਕ ਚਾਲੂ ਰਖੀ ਜਾਵੇ ਜਦ ਤਕ ਸਰਕਾਰ ਇਸ ਵਿਚ ਦਖ਼ਲ ਦੇਣ ਤੋਂ ਨਹੀਂ ਹਟਦੀ। ਅਖੰਡ ਪਾਠਾਂ ਲਈ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਤੋਂ ਸਿੰਘਾਂ ਦੇ ਜਥੇ ਪਹਿਲੀ ਸਤੰਬਰ ਤੋਂ ਭੇਜਣੇ ਸ਼ੁਰੂ ਕਰ ਦਿੱਤੇ।

9 ਸਤੰਬਰ, 1923 ਈਸਵੀ ਨੂੰ ਸਿੱਖ ਰਿਆਸਤਾਂ ਤੇ ਪੰਜਾਬ ਦੇ ਸ਼ਹਿਰਾਂ ਵਿਚ ਸਿੱਖਾਂ ਨੇ ਸਰਕਾਰ ਦੇ ਦਖ਼ਲ ਦਾ ਰੋਸ ਪ੍ਰਗਟ ਕਰਨ ਲਈ ਜਲੂਸ ਕੱਢੇ। 14 ਸਤੰਬਰ ਨੂੰ ਸਿਪਾਹੀਆਂ ਨੇ ਗੁਰਦੁਆਰੇ ਗੰਗਸਰ ਦੇ ਅੰਦਰ ਬੈਠੀ ਸੰਗਤ, ਸੇਵਾਦਾਰਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। 15 ਸਤੰਬਰ ਤੋਂ ਹਰ ਰੋਜ਼ 25 ਸਿੰਘਾਂ ਦਾ ਜਥਾ, ਸ਼੍ਰੋਮਣੀ ਕਮੇਟੀ ਨੇ ਗੰਗਸਰ ਭੇਜਣਾ ਸ਼ੁਰੂ ਕਰ ਦਿੱਤਾ। ਹਰ ਜਥੇ ਦੇ ਚੱਲਣ ਤੋਂ ਪਹਿਲਾਂ ਸਿੰਘਾਂ ਪਾਸੋਂ ਪ੍ਰਣ ਲਿਆ ਜਾਂਦਾ ਕਿ ਮੇਰਾ ਨਿਸ਼ਾਨਾ, ਗੁਰਦੁਆਰੇ ਗੰਗਸਰ ਅੰਦਰ ਖੰਡਤ ਹੋਏ ਅਖੰਡ ਪਾਠ ਨੂੰ ਆਰੰਭ ਕਰਨਾ ਅਤੇ ਗੁਰਦੁਆਰੇ ਅੰਦਰ ਆਜ਼ਾਦਾਨਾ ਤੌਰ 'ਤੇ ਸੰਗਤ ਦੇ ਰੂਪ ਵਿਚ ਜੁੜ ਕੇ ਸਿੱਖ ਮਰਯਾਦਾ ਅਨੁਸਾਰ ਪਾਠ ਚਾਲੂ ਕਰਨਾ ਹੈ। ਜੇਕਰ ਅਜਿਹਾ ਕਰਦਿਆਂ ਹੋਇਆਂ ਸਰਕਾਰੀ ਕਰਮਚਾਰੀਆਂ ਹੱਥੋਂ ਸਖ਼ਤੀਆਂ ਅਤੇ ਮੁਸੀਬਤਾਂ ਸਹਿਣੀਆਂ ਪੈਣ ਤਾਂ ਉਨ੍ਹਾਂ ਨੂੰ ਅਤਿ ਦਰਜੇ ਦੀ ਹਲੀਮੀ ਨਾਲ, ਬਿਨਾ ਅੱਗੋਂ ਹੱਥ ਉਠਾਏ, ਜਰਨਾ ਤੇ ਸਹਿਣਾ ਹੈ।

ਸਰਕਾਰ ਉਨ੍ਹਾਂ ਜਥਿਆਂ ਨੂੰ ਗੰਗਸਰ ਪੁੱਜਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲੈਂਦੀ। ਜਥੇ ਦੇ ਸਿੰਘਾਂ ਨੂੰ ਕੁੱਟਿਆ ਜਾਂਦਾ ਤੇ ਦੋ ਦੋ ਦਿਨ ਭੁੱਖੇ ਰਖ ਕੇ ਨਾਭੇ ਦੀ ਬੀੜ ਵਿਚ ਛੱਡ ਦਿੱਤਾ ਜਾਂਦਾ। 13 ਅਕਤੂਬਰ, 1923 ਈਸਵੀ ਨੂੰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਸਰਕਾਰ ਵਿਰੋਧੀ ਪਾਰਟੀਆਂ ਕਰਾਰ ਦੇ ਕੇ ਇਨ੍ਹਾਂ ਦੇ ਮੁਖੀਆਂ ਨੂੰ ਗ੍ਰਿਫ਼ਤਾਰ

ਕਰ ਲਿਆ ਗਿਆ। ਗੰਗਸਰ ਨੂੰ ਜਥੇ ਉਸੇ ਤਰ੍ਹਾਂ ਹੀ ਜਾਂਦੇ ਰਹੇ। 7 ਜਨਵਰੀ, 1924 ਈਸਵੀ ਨੂੰ ਨਵੀਂ ਬਣੀ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰ ਦਾ ਖ਼ਿਆਲ ਸੀ ਕਿ ਕਮੇਟੀ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਨਾਲ ਮੋਰਚਾ ਫੇਲ੍ਹ ਹੋ ਜਾਵੇਗਾ। ਉਨ੍ਹਾਂ ਦੇ ਵਿਚਾਰਾਂ ਦੇ ਉਲਟ ਮੋਰਚੇ ਦਾ ਕੰਮ ਹੋਰ ਤੇਜ਼ ਹੋ ਗਿਆ।

9 ਫ਼ਰਵਰੀ, 1924 ਈਸਵੀ ਨੂੰ ਪੰਜ ਸੌ ਸਿੰਘਾਂ ਦਾ ਪਹਿਲਾ ਸ਼ਹੀਦੀ ਜਥਾ ਕੇਸਰੀ ਬਾਣਾ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਿਆ। ਉਸ ਜਥੇ ਦੇ ਅੱਗੇ ਬੈਂਡ, ਪਿੱਛੇ ਪੰਜ ਪਿਆਰੇ ਨਿਸ਼ਾਨ ਸਾਹਿਬ ਲੈ ਕੇ ਚਲ ਰਹੇ ਸਨ, ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ, ਉਸਦੇ ਪਿੱਛੇ ਸ਼ਹੀਦੀ ਜਥਾ, ਚਾਰ ਚਾਰ ਦੀਆਂ ਲਾਈਨਾਂ ਵਿਚ ਸੀ। ਇਹ ਜਥਾ ਰਸਤੇ ਵਿਚ ਸ਼ਬਦ ਪੜ੍ਹਦਾ, ਨਾਹਰੇ ਲਗਾਉਂਦਾ, ਦੀਵਾਨ ਜਮਾਉਂਦਾ ਗੰਗਸਰ ਵੱਲ ਵਧਦਾ ਜਾ ਰਿਹਾ ਸੀ। ਲੋਕੀ ਰਸਤੇ ਵਿਚ ਜਥੇ ਦੀ ਸੇਵਾ ਦੁੱਧ, ਪਾਣੀ, ਮਠਿਆਈ, ਫਲਾਂ ਆਦਿ ਨਾਲ ਕਰਦੇ ਸਨ, ਭਾਵੇਂ ਸਰਕਾਰ ਵੱਲੋਂ ਲੋਕਾਂ ਉੱਪਰ ਜਥੇ ਦੀ ਸੇਵਾ ਨਾ ਕਰਨ ਲਈ ਪੂਰਾ ਦਬਾਅ ਪਾਇਆ ਗਿਆ ਸੀ।

21 ਫ਼ਰਵਰੀ ਨੂੰ ਜਥਾ ਟਿੱਬੀ ਸਾਹਿਬ ਦੇ ਨੇੜੇ ਪੁੱਜਿਆ ਤਾਂ ਇੱਕ ਅੰਗ੍ਰੇਜ਼ ਅਫ਼ਸਰ ਨੇ ਕਿਹਾ, "ਰੁਕ ਜਾਓ, ਨਹੀਂ ਤਾਂ ਗੋਲੀ ਚਲਾਈ ਜਾਏਗੀ।" ਜਥਾ ਅੱਗੇ ਵਧਦਾ ਗਿਆ। ਅਫ਼ਸਰ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਤਿੰਨ ਪਾਸੇ ਤੋਂ ਪੰਜ ਮਿੰਟ ਲਗਾਤਾਰ ਗੋਲੀ ਚਲਦੀ ਰਹੀ। ਗੋਲੀਆਂ ਖਾਂਦਾ ਜਥਾ ਅੱਗੇ ਵਧਦਾ ਗਿਆ। ਗੋਲੀ ਬੰਦ ਹੋਣ ਪਿੱਛੋਂ ਘੋੜ-ਸਵਾਰ ਫ਼ੌਜ ਤੇ ਪੁਲੀਸ, ਬਾਕੀ ਦੇ ਜਥੇ ਨੂੰ ਕੁਟ ਮਾਰ ਕੇ, ਰੱਸਿਆਂ ਨਾਲ ਬੰਨ੍ਹ ਕੇ ਕਿਲ੍ਹੇ ਵਿਚ ਲੈ ਗਈ। ਉਸ ਦਿਨ ਸੱਤ ਸੌ ਸਿੰਘ ਗ੍ਰਿਫ਼ਤਾਰ ਕੀਤਾ ਗਿਆ, ਦੋ ਸੌ ਸਿੰਘ ਜ਼ਖ਼ਮੀ ਹੋਏ ਤੇ ਇੱਕ ਸੌ ਦੇ ਕਰੀਬ ਸਿੰਘ ਸ਼ਹੀਦ ਹੋਏ।

ਸ਼ਹੀਦੀ ਜਥੇ ਦੇ ਗ੍ਰਿਫ਼ਤਾਰ ਕੀਤੇ ਜਾਣ ਪਿੱਛੋਂ, ਨਾਭੇ ਦੇ ਹਾਕਮਾਂ ਨੇ ਇਕ ਖ਼ਾਸ ਕਾਰਾਵਾਸ ਬਣਵਾਈ, ਜਿਸ ਵਿਚ ਮੁਖੀ ਸਿੰਘਾਂ ਨੂੰ ਲਿਜਾ ਕੇ ਤੰਗ ਕੀਤਾ ਜਾਂਦਾ। ਉਨ੍ਹਾਂ ਨੂੰ ਪੁੱਠੇ ਲਟਕਾਇਆ ਜਾਂਦਾ। ਉਨ੍ਹਾਂ ਦੇ ਗੁਪਤ ਅੰਗਾਂ 'ਤੇ ਸੱਟਾਂ ਮਾਰੀਆਂ ਜਾਂਦੀਆਂ। ਉਨ੍ਹਾਂ ਦੇ ਗੁੱਦਿਆਂ ਵਿਚ ਸੋਟੀਆਂ ਦਿੱਤੀਆਂ ਜਾਂਦੀਆਂ। ਸਰਦੀ ਵਿਚ ਉਨ੍ਹਾਂ ਨੂੰ ਨੰਗੇ ਬਾਹਰ ਰਖਿਆ ਜਾਂਦਾ। ਸਰਕਾਰ ਦੀਆਂ ਸਿੰਘਾਂ ਉੱਪਰ ਸਖ਼ਤੀਆਂ ਹੁੰਦੇ ਹੋਏ ਵੀ ਨਵੇਂ ਜਥੇ ਲਈ ਸਿੰਘ ਲੋੜ ਤੋਂ ਵੱਧ ਹਾਜ਼ਰ ਹੁੰਦੇ। ਸਿੰਘ ਕੈਨੇਡਾ, ਹਾਂਗਕਾਂਗ ਤੇ ਸ਼ਿੰਘਾਈ ਤੋਂ ਆ ਕੇ ਜਥਿਆਂ ਵਿਚ ਸ਼ਾਮਲ ਹੋਏ। ਪਹਿਲੇ ਸ਼ਹੀਦੀ ਜਥੇ ਉੱਪਰ ਗੋਲੀ ਚਲਾਈ ਜਾਣ ਪਿੱਛੋਂ ਇਹ ਮੋਰਚਾ ਅੰਤਰ-ਰਾਸ਼ਟਰੀ ਤਹਿਰੀਕ ਬਣ ਗਿਆ।

17 ਅਪ੍ਰੈਲ, 1925 ਈਸਵੀ ਨੂੰ ਪੰਜ ਸੌ ਅਕਾਲੀਆਂ ਦਾ ਸੋਲ੍ਹਵਾਂ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਿਆ। ਉਸਦੇ ਗੁਰਦੁਆਰਾ ਗੰਗਸਰ ਪਹੁੰਚਣ ਤੋਂ ਪਹਿਲਾਂ 11 ਜੁਲਾਈ, 1925 ਈਸਵੀ ਨੂੰ ਪੰਜਾਬ ਦੇ ਗਵਰਨਰ ਸਰ ਮੈਲਕਮ ਹੇਲੀ ਨੇ ਗੁਰਦੁਆਰਾ ਐਕਟ ਦੀ ਪ੍ਰਵਾਨਗੀ ਦੇ ਦਿੱਤੀ। 27 ਜੁਲਾਈ ਨੂੰ ਸਾਰੇ ਅਕਾਲੀ ਰਿਹਾਅ ਕਰ ਦਿੱਤੇ ਗਏ। ਇੱਕ ਸਾਲ ਦਸ ਮਹੀਨੇ ਪਿੱਛੋਂ ਅਖੰਡ ਪਾਠ ਕਰਨ ਦੀ ਖੁਲ੍ਹ ਮਿਲ ਗਈ।

Happening at Gangsar

At the time of accession to throne on the 25th January, 1912 A.D., Maharaja Ripudaman Singh, after performing the prayer to Guru Granth Sahib, had himself donned the sword, symbolising authority to rule. He did not get some British officer to bestow on him the symbol to Govern as was the custom. In his state, a Singh wearing a sword and black turban could move freely although it was banned by the British Government. The day of the 20th February was dedicated to the memory of martyrs of Nankana Sahib in the state of Nabha the responsibility of which happening lay on the Government. How could the British Government tolerate such a patriot on the throne?

The British Government was looking for an excuse to remove him from the throne. The Maharaja of Patiala abducted a girl named Rajni from Nabha state. A quarrel arose between those two on account of that girl. Taking advantage of the opportunity, the British Government dethroned the Maharaja of Nabha on the 9th July, 1923 A.D., and sent him to Dehradun with a yearly allowance of three hundred thousand rupees.

There was a great unrest among the people of the state on the dethronement of the Maharaja. In this connection the Sikhs organised an 'Akhand Path' (continuous recitation of Guru Granth Sahib) in Gurdwara Gangsar in Jaito Mandi between 25th to 27th August, 1923 A.D. The police started taking down the names of those coming to the congregation and threatened those who brought rations for the 'langar' (free kitchen). The devotees kept coming to the Gurdwara inspite of this type of attitude of the police. On the 27th August, the police arrested Sardar Inder Singh Maur from the presence of Guru Granth Sahib without any warrant. The arrest of a Sikh from the presence of Guru Granth Sahib became a religious matter for the Sikhs. The 'Sangat' (Sikh devotees) decided that a chain of 'Akhand Paths' should be continued as long as the Government does not stop interference. The Shiromani Committee started sending squads of Singhs for the 'Akhand Paths' from Amritsar from the 1st September.

The Sikhs took out processions in the Sikh states and the towns of Punjab on the 9th September, 1923 A.D., to show their resentment against the interference of the Government. On the 14th September, policemen arrested those sitting in congregation, attendants and the reciter sitting in attendance of Guru Granth Sahib from Gurdwara Gangsar. The Shiromani Committee started sending a squad of twenty-five Singhs daily from Amritsar from the 15th September. Before the departure of the squad, the Singhs were asked to take the pledge, "My aim is to restart the interrupted 'Akhand Path' in Gurdwara Gangsar and to keep it going in the Gurdwara independently and collectively in the form of congregation according to Sikh tradition. If in doing so, I have to face hardship and trouble at the hands of the Government officials, I shall bear all

very politely and without lifting my hand to strike."

The Government arrested those squads before they reached Gangsar. The Singhs of the squads were beaten up, kept hungry for two days at a stretch and let off in the forest of Nabha. On the 13th October, the leaders of Shiromani Committee and Akali Dal were arrested after declaring the parties as anti-government. The squads kept on marching to Gangsar as before. The new elected leaders of Shiromani Committee were arrested on the 7th January, 1924 A.D. The Government was of the view that the agitation would fail by the arrest of the members of the committee but contrary to their views the agitation intensified further.

On the 9th February, 1924 A.D., the first martyr squad of five hundred Singhs in saffron attire marched from 'Sri Akal Takht'. A band preceded the squad followed by five beloved ones with saffron flags (Nishan Sahib). The palanquin of Guru Granth Sahib was in the middle followed by the squad of martyrs in lines of four. This squad was proceeding towards Gangsar reciting hymns, shouting slogans and holding congregations on the way. The people were serving the squad with milk, water, sweets and fruits etc. although the Government was exerting great pressure on people not to serve them.

When the squad reached near Tibbi Sahib on the 21st February, a British officer said, "Stop, otherwise there will be firing." The squad kept on moving forward. The officer ordered to open fire. Firing continued from three sides for five minutes. Bearing the brunt of fire the squad continued to advance. As firing stopped, mounted soldiers and police beat the surviving members of the squad, tied them with ropes and took them inside the fort. Seven hundred Singhs were arrested that day, about two hundred were injured and one hundred attained martyrdom.

After the arrest of the squad of martyrs, the rulers of Nabha set up a special torture chamber in which the leading Singhs were taken and tortured. They were hung feet up and were hit on the genitals, sticks were thrust in their rectums. They were kept naked outside in cold. Inspite of these tortures on the Singhs, every time more Singhs presented themselves for the next squads than were asked by the Committee. Singhs came from as far off as Canada, Hongkong, Shinghai to join the squads. After firing on the first squad of martyrs, this 'Morcha' (agitation) became an international movement.

The sixteenth squad of martyrs of five hundred Singhs started from 'Sri Akal Takht' on the 17th April, 1925 A.D. Before that squad had reached Gurdwara Gangsar, Sri Malcolm Heely, the Governor of Punjab gave approval to the Gurdwara Act on the 11th July, 1925 A.D. All the 'Akalis' (Singhs) were released on the 27th July. Freedom to hold 'Akhand Path' at Jaito was obtained after one year and ten months.